Hansti Duniya (Punjabi)
• Vol. 45 • No. 01
•January 2021

ਹੱਸਦੀ ਦੁਨੀਆ

₹15/-

ਨਵੇਂ ਸਾਲ ਦੀ ਵਧਾਈ

ਹੰਸਤੀ ਦੁਨੀਆ

ਸਭ ਤੋਂ ਪਹਿਲਾਂ

ਸ਼ੁਭ ਕਾਮਨਾਵਾਂ ਅਤੇ ਅਰਦਾਸ

04

ਹੰਸਤੀ ਦੁਨੀਆ

• Vol.45 • ਅੰਕ - 01 • ਜਨਵਰੀ 2021 • Pages : 52

(ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਪਤ੍ਰਿਕਾ)

Also published in Hindi, English & Marathi

Printer & Publisher C.L. Gulati, on behalf of Sant Nirankari Mandal, Delhi-9, printed at M.P. Printers, B-220, Phase-II, NOIDA - 201305 (UP) & published at Sant Nirankari Satsang Bhawan, Sant Nirankari Colony, Delhi-110009

Managing Editor : Sulekh Singh 'Sathi'

Editor (Honorary)
Sulekh Singh 'Sathi'
Email: editorial@nirankari.org

Ph.: 011-47660200
Fax: 011-27608215
Website: http//www.nirankari.org
kids.nirankari.org

Subscription Value

Country	1 Year	3 Years	5 Years	11 Years
India/Nepal	₹ 150	₹ 400	₹ 700	₹ 1500
U.K.	£15	£40	£70	£150
Europe	€20	€55	€95	€200
USA	$25	$70	$120	$250
Canada/ Australia	$30	$85	$140	$300

Other Countries
Equivalent to U.S. Dollars as mentioned above.

ਸਤੰਭ

ਸਭ ਤੋਂ ਪਹਿਲਾਂ	04
ਵਿਗਿਆਨ ਪ੍ਰਸ਼ਨੋਤਰੀ	10
ਹਾਸਾ-ਖੇਡ੍ਹਾ	16
ਸਾਧਾਰਣ ਗਿਆਨ ਪ੍ਰਸ਼ਨੋਤਰੀ	19
ਕੀ ਤੁਸੀਂ ਜਾਣਦੇ ਹੋ?	27
ਕਦੇ ਨਾ ਭੁੱਲੋ	42
ਬੁੱਧੀ ਦੀ ਪਰਖ	50

ਚਿੱਤਰਕਥਾਵਾਂ

ਕਿੱਟੀ	20
ਦਾਦਾ ਜੀ	46

ਕਹਾਣੀਆਂ

ਲਾਲਚ ਦਾ ਫ਼ਲ
– ਦੀਪਾਂਸ਼ੂ ਜੈਨ 06

ਹਰਿਅਲ ਦੀ ਸਿਖਿਆ
– ਸੁਕੀਰਤੀ 14

ਮੂਰਤੀ ਤੋਂ ਪ੍ਰੇਰਣਾ
– ਕਮਲ ਸੈਗਾਨੀ 24

ਨਵੇਂ ਸਾਲ ਦਾ ਵਾਇਦਾ
– ਦਰਸ਼ਨ ਸਿੰਘ 'ਆਸ਼ਟ' 28

ਸੋਚ ਦਾ ਤਰਾਜੂ
– ਰਾਜੇਸ਼ ਅਰੋੜਾ 32

ਮਹਾਨ ਕੌਣ
– ਅਮਨਪ੍ਰੀਤ ਸਿੰਘ 35

ਪੱਥਰ ਦੀ ਗਵਾਹੀ
– ਡਾ.ਬਾਠੋਂ ਸਰਤਾਜ 38

ਸੀਪ ਦਾ ਮੋਤੀ
– ਸ਼ਿਵਚਰਣ 44

ਗੀਤ-ਕਵਿਤਾਵਾਂ

ਨਵੇਂ ਸਾਲ ਦੇ ਲਈ ਆਉ
– ਜਗਤਾਰ ਚਮਨ 05

ਕਿਸ ਨੂੰ ਦੇਵਾਂ ਸਾਲ ਮੁਬਾਰਕ
– ਬਲਵਿੰਦਰ 'ਬਾਲਮ' 18

ਗਣਤੰਤਰ ਦਿਵਸ
– ਮੋਤੀ ਵਿਮਲ 26

ਵਿਸ਼ੇਸ਼ ਲੇਖ

ਗਣਤੰਤਰ ਦਿਵਸ ਕਿਉਂ...
– ਸਤਿਆਵਾਨ ਮਲਿਕ 09

ਝੀਂਗਾ ਮੱਛੀ
– ਡਾ.ਪਰਸ਼ੂਰਾਮ 11

ਪਪੀਹਾ
– ਰਿਸ਼ੀ ਮੋਹਨ 13

ਚੰਦਰ ਸੇਖਰ ਆਜ਼ਾਦ
– ਮਹੇਸ਼ ਚੰਦਰ ਸ਼ਰਮਾ 30

ਪੜਾਈ ਕਿਵੇਂ ਕਰੀਏ
– ਕਿਸ਼ਨ ਲਾਲ 34

ਕਹਾਣੀ ਡਾਇਨਾਸੌਰ ਦੀ
– ਗੋਪਾਲ ਜੀ ਗੁਪਤ 36

ਪੰਛੀਆਂ ਦਾ ਰਾਜਾ ਗਰੁੜ...
– ਕਿਸ਼ੋਰ ਡੈਨੀਅਲ 43

ਸ਼ੁਭ ਕਾਮਨਾਵਾਂ ਅਤੇ ਅਰਦਾਸ

ਪਿਆਰੇ ਬਚਿਓ ! ਨਵਾਂ ਸਾਲ ਅਰੰਭ ਹੋ ਗਿਆ ਹੈ, ਜਦੋਂ ਵੀ ਨਵਾਂ ਸਾਲ ਆਉਂਦਾ ਹੈ, ਸਾਰੇ ਇਕ ਦੂਜੇ ਨੂੰ ਮੁਬਾਰਕਾਂ ਦਿੰਦੇ ਹਨ, ਸ਼ੁਭਕਾਮਨਾਵਾਂ ਦਿੰਦੇ ਹਨ ਅਤੇ ਆਸ ਪ੍ਰਗਟਾਉਂਦੇ ਹਨ ਕਿ ਇਹ ਸਾਲ ਸਾਰਿਆਂ ਲਈ ਖੁਸ਼ੀਆਂ ਤੋਂ ਭਰਪੂਰ ਹੋਵੇ ਅਤੇ ਕਿਧਰੇ ਵੀ ਕੋਈ ਨਿਰਾਸ਼ਾ ਦੇਖਣ ਨੂੰ ਨਾ ਮਿਲੇ। ਅਕਸਰ ਇਹ ਸ਼ੁਭਕਾਮਨਾਵਾਂ ਪ੍ਰਭੂਲਤ ਵੀ ਹੁੰਦੀਆਂ ਹਨ ਅਤੇ ਇਨ੍ਹਾਂ ਦਾ ਅਸਰ ਸਾਨੂੰ ਵਿਅਕਤੀਗਤ ਰੂਪ ਵਿਚ, ਸਮਾਜਕ ਰੂਪ ਵਿਚ ਅਤੇ ਮਾਨਵਤਾ ਪੱਖੋਂ ਹੁੰਦਾ ਦਿਸਦਾ ਹੈ ਪਰ ਕਦੇ ਕਦੇ ਅਜਿਹਾ ਨਹੀਂ ਵੀ ਹੁੰਦਾ।

ਸਾਲ 2020 ਨੂੰ ਅਸੀਂ ਵਿਦਾ ਕੀਤਾ ਹੈ। ਜਦੋਂ ਇਹ ਸਾਲ ਅਰੰਭ ਹੋਇਆ ਸੀ, ਉਸ ਸਮੇਂ ਵੀ ਅਜਿਹੀਆਂ ਹੀ ਸ਼ੁਭਕਾਮਨਾਵਾਂ ਦਾ ਆਦਾਨ-ਪ੍ਰਦਾਨ ਕੀਤਾ ਗਿਆ ਸੀ। ਨਵੇਂ ਸਾਲ ਦੀਆਂ ਖੁਸ਼ੀਆਂ ਵੀ ਬੜੀਆਂ ਮਨਾਈਆਂ ਗਈਆਂ ਸਨ। ਪਰ, ਜਿਉਂ-ਜਿਉਂ ਸਾਲ ਅਗੇ ਵਧਿਆ, ਮਾਰਚ ਮਹੀਨੇ ਤਕ ਪਹੁੰਦਿਆਂ ਇਕ ਅਜਿਹਾ ਵਾਇਰਸ ਵਿਸ਼ਵ ਵਿਚ ਫੈਲਣ ਲਗਾ, ਜਿਸਨੂੰ ਕਰੋਨਾ ਵਾਇਰਸ ਦਾ ਨਾਂ ਦਿਤਾ ਗਿਆ। ਇਸ ਵਾਇਰਸ ਨੇ ਮਨੁੱਖੀ ਸਮਾਜ ਦੀਆਂ ਸਾਰੀਆਂ ਸ਼ੁਭ ਆਸ਼ਾਵਾਂ ਤੇ ਪਾਣੀ ਫੇਰ ਦਿਤਾ। ਹਰ ਇਨਸਾਨ ਅੰਦਰ ਇਕ ਅਜਿਹਾ ਡਰ ਪੈਦਾ ਕਰ ਦਿਤਾ ਜਿਸਦਾ ਇਲਾਜ ਕਿਸੇ ਕੋਲ ਵੀ ਨਹੀਂ ਸੀ। ਇਸ ਵਾਇਰਸ ਨੇ, ਇਸਦਾ ਅਸਰ ਐਨਾ ਭਿਆਨਕ ਸੀ ਕਿ ਅਦਿਖ ਵਾਇਰਸ ਨੇ ਸਾਰਿਆਂ ਨੂੰ ਦਿਨੇ ਤਾਰੇ ਵਿਖਾ ਦਿਤੇ। ਹਸਪਤਾਲ ਮਰੀਜਾਂ ਨਾਲ ਭਰ ਗਏ। ਇਸਦੇ ਪ੍ਰਭਾਵ ਨੂੰ ਘਟਾਉਣ ਜਾਂ ਇਸਦੇ ਇਲਾਜ ਦੀ ਮੁਕਮੰਲ ਦਵਾਈ ਨਾ ਹੋਣ ਕਾਰਣ ਮੌਤਾਂ ਦਾ ਸਿਲਸਿਲਾ ਵਧਣ ਲਗਾ। ਅਨੇਕਾਂ ਘਰਾਂ ਦੇ ਅਨੇਕਾਂ ਜੀਅ ਸਰੀਰਕ ਰੂਪ ਵਿਚ ਸਾਡੇ ਤੋਂ ਵਿਛੜ ਗਏ।

ਪਿਆਰੇ ਬਚਿਓ ! ਇਹ ਹਾਲਾਤ ਸਿਰਫ ਸਾਡੇ ਦੇਸ਼ ਵਿੱਚ ਹੀ ਨਹੀਂ ਬਲਕਿ ਪੂਰੀ ਦੁਨੀਆਂ ਵਿਚ ਬਣ ਗਏ। ਕੋਈ ਵੀ ਮੁਲਕ ਇਸ ਵਾਇਰਸ ਤੋਂ ਬਚ ਨਹੀਂ ਸਕਿਆ। ਅਨੇਕਾਂ ਤਰ੍ਹਾਂ ਦੀਆਂ ਪਾਬੰਦੀਆਂ ਲਗਾਉਣ, ਹਰ ਸਮੇਂ ਮੂੰਹ ਤੇ ਮਾਸਕ ਲਗਾਉਣ, ਹੱਥ ਨਿਰੰਤਰ ਅੰਤਰਾਲ ਤੇ ਧੋਂਦੇ ਰਹਿਣ ਅਤੇ ਇਮਯੂਨਿਟੀ ਵਧਾਉਣ ਵਾਲੀਆਂ ਚੀਜਾਂ ਦੇ ਇਸਤੇਮਾਲ ਤੋਂ ਬਾਅਦ ਅਜੇ ਵੀ ਇਸ ਵਾਇਰਸ ਦਾ ਪ੍ਰਭਾਵ ਉਸੀ ਤਰ੍ਹਾਂ ਚਲ ਰਿਹਾ ਹੈ। ਅਨੇਕਾਂ ਸਰਕਾਰਾਂ ਇਸਦੇ ਇਲਾਜ ਲਈ ਟੀਕੇ ਦਾ ਇਲਾਜ ਕਰਨ ਵਿਚ ਲਗੀਆਂ ਹੋਈਆਂ ਹਨ।

ਪਿਆਰੇ ਬੱਚਿਓ ! ਤੁਸੀ ਇਹ ਵੀ ਜਾਣਦੇ ਹੋ ਕਿ ਨਿਰੰਕਾਰ ਪ੍ਰਭੂ ਨੇ ਇਨਸਾਨ ਨੂੰ ਐਨੀ ਸ਼ਕਤੀ ਅਤੇ ਸਮਰਥਾ ਬਖਸ਼ੀ ਹੈ ਕਿ ਇਸਨੂੰ ਗਿਰ-ਗਿਰ ਕੇ ਵੀ ਸੰਭਲਣਾ ਆਉਂਦਾ ਹੈ। ਇਸਲਈ ਨਿਰਾਸ਼ ਹੋਣ ਦੀ ਲੋੜ ਨਹੀਂ ਬਲਕਿ ਸਮੇਂ ਅਨੁਸਾਰ ਲੋੜੀਦੀਆਂ ਵਿਵਸਥਾਵਾਂ ਦੀ ਪਾਲਨਾ ਕਰਦੇ ਹੋਏ ਮੁੜ ਤੋਂ ਮਾਨਵ ਸਮਾਜ ਨੂੰ ਉਭਾਰਨ ਅਤੇ ਅਗੇ ਲੈ ਜਾਣ ਲਈ ਜਤਨ ਕੀਤੇ ਜਾਣ ਦੀ ਲੋੜ ਹੈ।

ਅਜ ਜਦੋਂ ਕਿ ਅਸੀਂ ਨਵੇਂ ਵਰ੍ਹੇ 2021 ਵਿਚ ਪ੍ਰਵੇਸ਼ ਕਰ ਚੁਕੇ ਹਾਂ, ਨਵੀਆਂ ਆਸਾਂ ਤੇ ਉਮੀਦਾਂ ਨੂੰ ਦਿਲ ਵਿਚ ਜਗ੍ਹਾ ਦੇਣੀ ਹੈ ਅਤੇ ਪਿਛਲੇ ਵਰ੍ਹੇ ਹੋਏ ਨੁਕਸਾਨ ਦੀ ਪੂਰਤੀ ਲਈ ਕਦਮ ਚੁਕਣੇ ਹਨ। ਆਨ-ਲਾਈਨ ਕਲਾਸਾਂ ਰਾਹੀਂ ਅਪਣੀ ਪੜਾਈ ਵਲ ਪੂਰਾ ਧਿਆਨ ਦੇਣਾ ਹੈ। ਜੋ ਅਹਿਤਿਆਤ ਵਰਤਣ ਦੇ ਆਦੇਸ਼-ਨਿਰਦੇਸ਼ ਆ ਰਹੇ ਹਨ; ਉਨ੍ਹਾਂ ਦੀ ਪਾਲਨਾ ਕਰਦੇ ਹੋਏ ਇਸ ਨਵੇਂ ਸਾਲ ਵਿਚ ਸਾਰਿਆਂ ਲਈ ਸੁਰਖਿਅਤ ਅਤੇ ਸਿਹਤਮੰਦ ਹੋਣ ਦੀਆਂ ਸ਼ੁਭਕਾਮਨਾਵਾਂ ਕਰਦੇ ਹੋਏ ਪ੍ਰਭੂ-ਨਿਰੰਕਾਰ ਅਗੇ ਅਰਦਾਸ ਕਰਨੀ ਹੈ, ਕਿ ਸਮੂਚਾ ਵਿਸ਼ਵ ਇਸ ਜਾਨਲੇਵਾ ਬੀਮਾਰੀ ਤੋਂ ਨਿਜਾਤ ਪਾਏ ਅਤੇ ਸਾਰੇ ਪਹਿਲਾਂ ਦੀ ਤਰ੍ਹਾਂ ਨਾਰਮਲ ਜ਼ਿੰਦਗੀ ਜੀਅ ਪਾਉਣ ਵਿਚ ਸਫਲ ਹੋਣ। ਨਵਾਂ ਸਾਲ ਪਿਛਲੇ ਸਾਲ ਦੀਆਂ ਬੁਰੀਆਂ ਯਾਦਾਂ ਨੂੰ ਭੁਲਾਉਣ ਵਿਚ ਕਾਮਯਾਬ ਹੋਏ; ਇਹੀ ਸ਼ੁਭਕਾਮਨਾ ਹੈ, ਇਹੀ ਅਰਦਾਸ ਹੈ।

✍ ਸੁਲੇਖ 'ਸਾਥੀ'
ssathi_2007@yahoo.com

❑ ਜਗਤਾਰ 'ਚਮਨ'

ਨਵੇਂ ਸਾਲ ਦੇ ਲਈ ਆਉ

ਨਵੇਂ ਸਾਲ ਦੇ ਲਈ ਆਓ,
ਕਰੀਏ ਸਭ ਲਈ ਦੁਆਵਾਂ।
ਕੋਈ ਧੁੰਦ ਨਾ ਰਹੇ ਦੁੱਖ ਦੀ,
ਸਾਰੇ ਮਾਨਣ ਸੁਖ ਦੀਆਂ ਛਾਵਾਂ।

ਕਿਤੇ ਵੈਰ ਨਾ ਤਕਰਾਰ ਹੋਵੇ,
ਹਰ ਦਿਲ ਵਿੱਚ ਪਿਆਰ ਹੋਵੇ।
ਇਕ ਦੂਜੇ ਲਈ ਸਤਿਕਾਰ ਹੋਵੇ।
ਜੀਵਨ ਦੀਆਂ ਮਹਿਕਣ ਰਾਹਵਾਂ।
ਨਵੇਂ ਸਾਲ ਦੇ ਲਈ ਆਓ – – – –

ਵੀਹ ਸੌ ਇੱਕ ਜੋ ਚੜਿਆ ਸਾਲ,
ਬੀਤੇ ਸਭ ਦਾ ਖੁਸ਼ੀਆਂ ਨਾਲ।
ਗਿਆਨ ਦੀ ਹੁੰਦੀ ਰਹੇ ਸੰਭਾਲ,
ਸਭ ਹੋਵਣ ਦੂਰ ਬਲਾਵਾਂ।
ਨਵੇਂ ਸਾਲ ਦੇ ਲਈ ਆਉ – – –

ਮਾਨਵ ਬਣ ਮਾਨਵਤਾ ਬਚਾਈਏ,
ਧਰਤੀ ਨੂੰ ਖੁਸ਼ਹਾਲ ਬਣਾਈਏ।
ਦੂਰ-ਦੂਰ ਤੱਕ ਪਿਆਰ ਫੈਲਾਈਏ,
ਸੁਖੀ ਹੋਣ 'ਚਮਨ' ਸਭ ਮਾਵਾਂ।
ਨਵੇਂ ਸਾਲ ਦੇ ਲਈ ਆਉ – – – –

ਬਾਲ ਕਹਾਣੀ : ਦੀਪਾਂਸ਼ੂ ਜੈਨ

ਲਾਲਚ ਦਾ ਫਲ

ਇਕ ਸੀ ਰਾਜਾ। ਵਿਵੇਕੀ ਅਤੇ ਦਿਆਲੂ। ਪ੍ਰਜਾ ਨੂੰ ਪ੍ਰਾਣਾਂ ਦੇ ਸਮਾਨ ਪਿਆਰ ਕਰਦਾ ਸੀ। ਦੇਵਤਾ ਵੀ ਰਾਜਾ ਤੋਂ ਖੁਸ਼ ਸਨ। ਉਹ ਸਮੇਂ-ਸਮੇਂ ਤੇ ਰਾਜਾ ਨੂੰ ਮਿਲਣ ਆਉਂਦੇ ਰਹਿੰਦੇ ਸਨ।

ਰਾਜਾ ਵਿੱਚ ਅਨੇਕ ਗੁਣ ਸਨ ਪ੍ਰੰਤੂ ਇਕ ਔਗੁਣ ਵੀ ਸੀ। ਰਾਜਾ ਸਭਾ-ਮੈਂਬਰਾਂ ਅਤੇ ਮੰਤਰੀਆਂ ਦੀ ਹਰ ਗੱਲ ਦਾ ਵਿਸ਼ਵਾਸ਼ ਕਰ ਲੈਂਦਾ ਸੀ। ਕਦੇ ਕਿਸੇ ਦੇ ਕਹਿਣ ਤੇ ਸ਼ੱਕ ਨਹੀਂ ਕਰਦਾ ਸੀ।

ਇਕ ਵਾਰ ਤਿੰਨ ਦੇਵਤਾ ਰਾਜੇ ਦੇ ਦਰਬਾਰ ਵਿੱਚ ਆਏ। ਸ਼ਾਮ ਹੋਣ ਵਾਲੀ ਸੀ। ਰਾਜਾ ਦਰਬਾਰ ਤੋਂ ਉਠਣ ਵਾਲਾ ਸੀ। ਤਦੇ ਦੁਆਰਪਾਲ ਨੇ ਦੇਵਤਿਆਂ ਦੇ ਆਉਣ ਦੀ ਖਬਰ ਦਿੱਤੀ। ਸੁਣ ਕੇ ਰਾਜਾ ਖੁਦ ਸੁਆਗਤ ਲਈ ਆਇਆ। ਝੁਕ ਕੇ ਪ੍ਰਣਾਮ ਕੀਤਾ। ਫਿਰ ਆਦਰ ਦੇ ਨਾਲ ਉਹਨਾਂ ਨੂੰ ਸਿੰਘਾਸਨ ਤੇ ਬਿਠਾਇਆ।

ਦੇਵਤਿਆਂ ਨੇ ਰਾਜਾ ਤੋਂ ਕੁਸ਼ਲ-ਮੰਗਲ ਪੁੱਛਿਆ। ਰਾਜਾ ਨੇ ਕਿਹਾ- ਵੇਖੋ, ਆਪ ਦੇ ਅਸ਼ੀਰਵਾਦ ਨਾਲ ਸਭ ਠੀਕ ਹੈ। ਰਾਜ ਵਿੱਚ ਸਾਰੀ ਜਗ੍ਹਾ ਸੁਖ-ਸ਼ਾਂਤੀ ਹੈ।

ਦੇਵਤੇ ਮੁਸਕਰਾ ਕੇ ਬੋਲੇ- ਤੁਸੀਂ ਧੰਨ ਹੋ। ਤੁਸੀਂ ਜਨਕਲਿਆਣ ਦੇ ਕੰਮ ਕੀਤੇ। ਪਾਣੀ ਦੇ ਤਾਲਾਬ, ਧਰਮਸ਼ਾਲਾਵਾਂ ਅਤੇ ਪਾਠਸ਼ਾਲਾਵਾਂ ਵੀ ਬਣਵਾਈਆਂ। ਅਸੀਂ ਤੁਹਾਡੇ ਤੋਂ ਖੁਸ਼ ਹਾਂ। ਦੱਸੋ, ਤੁਹਾਡੇ ਲਈ ਕੀ ਕਰੀਏ?

ਦੇਵਗਣ, ਮੇਰਾ ਸਭ ਤੋਂ ਵੱਡਾ ਹਿਤ ਇਹੀ ਹੈ ਕਿ ਆਪ ਮੈਨੂੰ ਰਾਹ ਦਿਖਾਉ। ਕੋਈ ਗਲਤੀ ਹੋਵੇ ਤਾਂ ਉਹਨੂੰ ਸੁਧਾਰੋ। ਮੈਂ ਆਪ ਦੀ ਸ਼ਰਣ ਵਿੱਚ ਹਾਂ। ਅੱਜ ਰਾਤ ਆਪ ਮੇਰੇ ਮਹਿਮਾਨ ਬਣੋ।

ਦੇਵਤਿਆਂ ਨੇ ਰਾਜਾ ਦੀ ਪ੍ਰਾਰਥਨਾ ਸਵੀਕਾਰ ਕਰ ਲਈ। ਰਾਜਾ ਨੇ ਰਾਜਪੁਰੋਹਿਤ ਨੂੰ ਬੁਲਵਾਇਆ ਅਤੇ

ਕਿਹਾ – ਦੇਵਤਿਆਂ ਨੂੰ ਮਹਿਮਾਨਖਾਨੇ ਵਿੱਚ ਲੈ ਜਾਉ। ਇਹਨਾਂ ਦੀ ਰੁਚੀ ਦੇ ਅਨੁਸਾਰ ਭੋਜਨ ਬਣਵਾਉ। ਵੇਖੋ, ਦੇਵਤਿਆਂ ਦੀ ਮਹਿਮਾਨ-ਨਿਵਾਜੀ ਵਿੱਚ ਕੋਈ ਕਸਰ ਨਾ ਰਹਿ ਜਾਏ।

ਰਾਜਪੁਰੋਹਿਤ ਦੇਵਤਿਆਂ ਨੂੰ ਮਹਿਮਾਨਖਾਨੇ ਵਿੱਚ ਲੈ ਆਇਆ।ਉਸ ਨੇ ਉਹਨਾਂ ਦੀ ਖੂਬ ਸੇਵਾ ਕੀਤੀ। ਦੇਰ ਰਾਤ ਤਕ ਉਹਨਾਂ ਦੇ ਚਰਨ ਦਬਾਉਂਦਾ ਰਿਹਾ। ਆਪਣੀਆਂ ਇੱਛਾਵਾਂ ਦਾ ਬਿਖਿਆਨ ਵੀ ਕਰਦਾ ਰਿਹਾ।

ਸਵੇਰ ਹੋਈ। ਦੇਵਤਿਆਂ ਨੇ ਕਿਹਾ– ਰਾਜਪੁਰੋਹਿਤ ਜੀ, ਤੁਹਾਡੀ ਸੇਵਾ ਤੋਂ ਅਸੀਂ ਖੁਸ਼ ਹਾਂ। ਕੋਈ ਵਰਦਾਨ ਮੰਗ ਲਉ।

ਉਹ ਤਾਂ ਇਹੀ ਸੋਚ ਰਿਹਾ ਸੀ। ਦੇਵਤਿਆਂ ਦੇ ਗਲੇ ਵਿੱਚ ਅਦਭੁਤ ਫੁੱਲਾਂ ਦੀ ਮਾਲਾਵਾਂ ਸਨ। ਉਹਨਾਂ ਵਿਚੋਂ ਫੈਲੀ ਸੁਗੰਧ ਨਾਲ ਸਾਰਾ ਮਹਿਮਾਨਖਾਨਾ ਮਹਿਕ ਰਿਹਾ ਸੀ। ਰਾਜਪੁਰੋਹਿਤ ਨੇ ਕਿਹਾ– ਦੇਵਗਣ, ਆਪ ਦੀਆਂ ਮਾਲਾਵਾਂ ਬਹੁਤ ਸੁੰਦਰ ਹਨ। ਅਜਿਹੀ ਸੁਗੰਧ ਵਾਲੇ ਫੁੱਲ ਇਸ ਧਰਤੀ ਤੇ ਨਹੀਂ ਹਨ।

– ਤੁਸੀਂ ਠੀਕ ਕਹਿੰਦੇ ਹੋ। ਇਹ ਸਵਰਗ ਦੇ ਫੁੱਲ ਹਨ। ਇਹਨਾਂ ਮਾਲਾਵਾਂ ਵਿੱਚ ਅਨੋਖੀ ਸ਼ਕਤੀ ਹੈ। ਜੋ ਪਹਿਨ ਲਵੇ ਕਦੇ ਕਿਸੇ ਤੋਂ ਹਾਰ ਨਹੀਂ ਸਕਦਾ। ਉਸ ਤੇ ਬੁਢਾਪੇ ਦਾ ਅਸਰ ਵੀ ਨਹੀਂ ਹੁੰਦਾ।

ਇਹ ਸੁਣ ਕੇ ਰਾਜਪੁਰੋਹਿਤ ਸੋਚਣ ਲੱਗਾ– ਕਿਉਂ ਨਾ ਵਰਦਾਨ ਵਿੱਚ ਮਾਲਾਵਾਂ ਹੀ ਮੰਗ ਲਵਾਂ।

ਦੇਵਤਿਆਂ ਨੇ ਫਿਰ ਪੁੱਛਿਆ– ਬੋਲੋ, ਕੀ ਚਾਹੁੰਦੇ ਹੋ?

ਰਾਜਪੁਰੋਹਿਤ ਬੋਲਿਆ– ਅਗਰ ਆਪ ਮੇਰੇ ਤੋਂ ਖੁਸ਼ ਹੋ ਤਾਂ ਮੈਨੂੰ ਆਪਣੀਆਂ ਮਾਲਾਵਾਂ ਦੇ ਦਿਉ।

ਦੇਵਤਾ ਕੁਝ ਦੇਰ ਚੁਪ ਰਹੇ। ਫਿਰ ਉਹਨਾਂ ਵਿਚੋਂ ਇਕ ਦੇਵਤਾ ਬੋਲੇ- ਮੇਰੀ ਮਾਲਾ ਉਹੀ ਲੈ ਸਕਦਾ ਹੈ ਜਿਸ ਦੇ ਮਨ ਵਿੱਚ ਕੋਈ ਲਾਲਚ ਨਾ ਆਇਆ ਹੋਵੇ।

– ਮੈਂ ਇਸ ਯੋਗ ਹਾਂ। ਆਪ ਵੇਖ ਰਹੇ ਹੋ, ਮੇਰਾ ਜੀਵਨ ਤਿਆਗ ਭਰਿਆ ਹੈ। ਜਰਾ ਵੀ ਲਾਲਚ ਨਹੀਂ ਹੈ। ਮਾਲਾ ਮੈਨੂੰ ਦੇ ਦਿਉ।

ਦੇਵਤਾ ਨੇ ਆਪਣੀ ਮਾਲਾ ਰਾਜਪੁਰੋਹਿਤ ਨੂੰ ਦੇ ਦਿੱਤੀ।

ਦੂਸਰੇ ਦੇਵਤਾ ਨੇ ਕਿਹਾ – ਮੈਂ ਵੀ ਅਪਣੀ ਮਾਲਾ ਤੁਹਾਨੂੰ ਦੇਣਾ ਚਾਹੁੰਦਾ ਹਾਂ। ਮਗਰ ਇਹ ਮਾਲਾ ਉਹੀ ਪਾ ਸਕਦਾ ਹੈ ਜਿਸ ਨੇ ਜੀਵਨ ਵਿੱਚ ਕਦੇ ਝੂਠ ਨਾ ਬੋਲਿਆ ਹੋਵੇ।

– ਮੈਂ ਆਪਣੇ ਮੂੰਹ ਤੋਂ ਆਪਣੀ ਵਡਿਆਈ ਕਿਵੇਂ ਕਰਾਂ। ਝੂਠ ਕੀ ਹੁੰਦਾ ਹੈ, ਮੈਂ ਜਾਣਦਾ ਵੀ ਨਹੀਂ? – ਰਾਜਪੁਰੋਹਿਤ ਨੇ ਕਿਹਾ।

– ਤਦ ਮੇਰੀ ਮਾਲਾ ਵੀ ਪਹਿਨ ਲਉ। –ਮੁਸਕਰਾਉਂਦੇ ਹੋਏ ਦੇਵਤਾ ਨੇ ਉਹਨੂੰ ਮਾਲਾ ਦੇ ਦਿੱਤੀ।

ਰਾਜਪੁਰੋਹਿਤ ਨੇ ਲਲਚਾਈਆਂ ਨਜ਼ਰਾਂ ਨਾਲ ਤੀਸਰੇ ਦੇਵਤਾ ਵੱਲ ਵੇਖਿਆ। ਉਹ ਬੋਲੇ- ਜੋ ਆਪਣੇ ਫਰਜ਼ ਦਾ ਸਹੀ ਢੰਗ ਨਾਲ ਪਾਲਣ ਕਰਦਾ ਹੋਵੇ, ਕਿਸੇ ਨੂੰ ਧੋਖਾ ਨਾ ਦਿੰਦਾ ਹੋਵੇ, ਉਹੀ ਮੇਰੀ ਮਾਲਾ ਪਹਿਨਣ ਦਾ ਹੱਕਦਾਰ ਹੈ।

–ਦੇਵ, ਮੈਂ ਕਿਰਤਾਰਥ ਹੋਇਆ। ਮੇਰੇ ਵਿਸ਼ੇ ਵਿੱਚ ਰਾਜਾ ਨੇ ਆਪ ਨੂੰ ਸਭ ਕੁਝ ਦੱਸ ਦਿੱਤਾ ਹੈ। ਮੇਰਾ ਰਾਹ ਧਰਮ ਦਾ ਹੈ। ਦੂਸਰਿਆਂ ਨੂੰ ਫਰਜ਼ ਦਾ ਪਾਠ ਪੜਾਉਣਾ ਹੀ ਮੇਰਾ ਕੰਮ ਹੈ। ਮੈਂ ਇਸ ਮਾਲਾ ਦਾ ਵੀ ਹੱਕਦਾਰ ਹਾਂ।

ਤੀਸਰੇ ਦੇਵਤਾ ਨੇ ਵੀ ਆਪਣੀ ਮਾਲਾ ਰਾਜਪੁਰੋਹਿਤ ਨੂੰ ਦੇ ਦਿੱਤੀ।

ਮਾਲਾਵਾਂ ਪਹਿਨ ਕੇ ਰਾਜਪੁਰੋਹਿਤ ਫੁਲਿਆ ਨਾ ਸਮਾਇਆ। ਉਸੇ ਸਮੇਂ ਰਾਜਾ ਦਾ ਰਥ ਆ ਗਿਆ। ਦੇਵਤੇ ਰਾਜਮਹਿਲ ਵੱਲ ਚਲ ਪਏ।

ਉਹ ਰਾਜਾ ਦੇ ਕੋਲ ਪਹੁੰਚੇ ਹੀ ਸਨ ਕਿ ਇਕ ਸੇਵਕ ਦੌੜਦਾ ਹੋਇਆ ਆਇਆ। ਉਹ ਬੋਲਿਆ – ਮਹਾਰਾਜ, ਰੱਖਿਆ ਕਰੋ। ਰਾਜਪੁਰੋਹਿਤ ਦਾ ਦਮ ਘੁਟ ਰਿਹਾ ਹੈ। ਉਹ ਮਰਨ ਹੀ ਵਾਲਾ ਹੈ।

–ਕਿਉਂ ਕੀ ਹੋਇਆ? ਹੁਣੇ ਤਾਂ ਦੇਵਗਣ ਉਸੇ ਕੋਲੋਂ ਆ ਰਹੇ ਹਨ। – ਰਾਜਾ ਨੇ ਹੈਰਾਨੀ ਨਾਲ ਪੁੱਛਿਆ।

ਮਹਾਰਾਜ, ਲਗਦਾ ਹੈ ਰਾਜਪੁਰੋਹਿਤ ਤੋਂ ਕੋਈ ਗਲਤੀ ਹੋ ਗਈ ਹੈ। ਦੇਵਤਿਆਂ ਨੇ ਆਪਣੀਆਂ ਮਾਲਾਵਾਂ ਉਹਨੂੰ ਦੇ ਦਿੱਤੀਆਂ ਸਨ। ਪਹਿਨਦੇ ਹੀ ਉਹ ਛੋਟੀਆਂ ਹੋਣ ਲੱਗੀਆਂ ਅਤੇ ਹੁਣ ਮਾਲਾਵਾਂ ਦੇ ਫੁੱਲ ਲੋਹੇ ਦੀਆਂ ਜੰਜੀਰਾਂ ਵਾਂਗ ਸਖਤ ਹੋ ਕੇ ਉਸ ਦੀ ਗਰਦਨ ਵਿੱਚ ਫਸੇ ਹਨ। ਬਚਾਉ, ਨਹੀਂ ਤਾਂ ਰਾਜਪੁਰੋਹਿਤ ਮਰ ਜਾਏਗਾ। – ਸੇਵਕ ਨੇ ਕਿਹਾ।

ਰਾਜਾ ਨੇ ਹੈਰਾਨੀ ਨਾਲ ਦੇਵਤਿਆਂ ਵੱਲ ਵੇਖਿਆ। ਦੇਵਤਾ ਬੋਲੇ – ਰਾਜਨ, ਰਾਜਪੁਰੋਹਿਤ ਆਪਣੇ ਕੀਤੇ ਦੀ ਭੋਗ ਰਿਹਾ ਹੈ। ਉਹ ਲਾਲਚੀ ਹੈ, ਝੂਠਾ ਹੈ। ਤੁਹਾਨੂੰ ਅਤੇ ਸਾਰੀ ਪਰਜਾ ਨੂੰ ਵੀ ਠੱਗਦਾ ਹੋਏਗਾ। ਉਸ ਨੇ

ਸਾਨੂੰ ਵੀ ਝੂਠ ਬੋਲਿਆ। ਲਾਲਚ ਦੇ ਵਸ ਹੋ ਕੇ ਸਾਡੀ ਸੇਵਾ ਕੀਤੀ। ਝੂਠ ਬੋਲ ਕੇ ਮਾਲਾਵਾਂ ਲੈ ਲਈਆਂ। – ਕਹਿੰਦੇ ਹੋਏ ਦੇਵਤਿਆਂ ਨੇ ਪੂਰੀ ਘਟਨਾ ਰਾਜਾ ਨੂੰ ਦੱਸ ਦਿੱਤੀ।

ਹਾਲਾਂ ਗੱਲਾਂ ਹੋ ਹੀ ਰਹੀਆਂ ਸਨ ਕਿ ਸੇਵਕ ਰਥ ਵਿੱਚ ਬਿਠਾ ਕੇ ਰਾਜਪੁਰੋਹਿਤ ਨੂੰ ਲੈ ਆਇਆ। ਉਸ ਦਾ ਗਲਾ ਘੁੱਟ ਰਿਹਾ ਸੀ। ਅੱਖਾਂ ਬਾਹਰ ਨੂੰ ਨਿਕਲਣ ਲੱਗੀਆਂ ਸਨ। ਮੁਸ਼ਕਿਲ ਨਾਲ ਬੋਲ ਰਿਹਾ ਸੀ।

ਰਾਜਪੁਰੋਹਿਤ ਰਥ ਵਿਚੋਂ ਉਤਰ ਕੇ ਦੇਵਤਿਆਂ ਦੇ ਚਰਨਾਂ ਵਿੱਚ ਡਿਗ ਪਿਆ। ਕਿਸੇ ਤਰ੍ਹਾਂ ਬੋਲਿਆ-ਮੈਨੂੰ ਮਾਫ਼ ਕਰੋ ਦੇਵ! ਕਹਿੰਦੇ ਹੋਏ ਉਸ ਦੀਆ ਅੱਖਾਂ ਵਿਚੋਂ ਹੰਝੂ ਡਿਗਣ ਲੱਗੇ।

ਦੇਵਤਿਆਂ ਨੇ ਅਗੇ ਵੱਧ ਕੇ ਮਾਲਾਵਾਂ ਨੂੰ ਛੂਹਿਆ ਤਾਂ ਉਹ ਫਿਰ ਪਹਿਲਾਂ ਵਰਗੀਆਂ ਹੋ ਗਈਆਂ। ਰਾਜਪੁਰੋਹਿਤ ਨੇ ਤੁਰੰਤ ਉਹਨਾਂ ਨੂੰ ਲਾਹਿਆ। ਵਾਪਸ ਕਰਦੇ ਹੋਏ ਬੋਲਿਆ– ਮੈਂ ਇਹਨਾਂ ਨੂੰ ਪਹਿਨਣ ਦੇ ਯੋਗ ਨਹੀਂ ਹਾਂ।

ਦੇਵਤਿਆਂ ਨੇ ਮਾਲਾਵਾਂ ਹੱਥਾਂ ਵਿੱਚ ਲੈ ਲਈਆਂ। ਰਾਜਾ ਨੂੰ ਬੋਲੇ – ਤੁਹਾਡੇ ਦਰਬਾਰ ਵਿੱਚ ਕੋਈ ਇਹਨਾਂ ਨੂੰ ਪਹਿਨਣ ਦਾ ਦਾਅਵਾ ਕਰਦਾ ਹੈ।

ਸਭ ਚੁਪ! ਸਾਰਿਆਂ ਨੇ ਆਪਣਾ-ਆਪਣਾ ਹਿਰਦਾ ਟਟੋਲਿਆ। ਸਾਰਿਆਂ ਦੇ ਅੰਦਰ ਬੁਰਾਈ ਨਿਕਲੀ। ਦੇਵਤਾ ਹੱਸ ਕੇ ਬੋਲੇ- ਦੇਖਿਆ ਰਾਜਨ! ਪ੍ਰਜਾ ਤੈਨੂੰ ਕਿੰਨਾ ਪਿਆਰ ਕਰਦੀ ਹੈ ਇਸ ਲਈ ਕੁਝ ਨਹੀਂ ਬੋਲਦੀ। ਤੁਸੀਂ ਜਿੰਨਾਂ ਲੋਕਾਂ ਤੇ ਵਿਸ਼ਵਾਸ ਕਰਦੇ ਹੋ ਉਹ ਸਾਰੇ ਤੁਹਾਨੂੰ ਧੋਖਾ ਦਿੰਦੇ ਹਨ।

ਰਾਜਾ ਨੂੰ ਵਿਸ਼ਵਾਸ ਤਾਂ ਕਰਨਾ ਚਾਹੀਦਾ ਹੈ, ਪਰ ਅੰਧਵਿਸ਼ਵਾਸ ਨਹੀਂ। ਉਹਨੂੰ ਸਾਰਿਆਂ ਦੇ ਕੰਮ ਦੀ ਪੂਰੀ ਦੇਖਭਾਲ ਕਰਨੀ ਚਾਹੀਦੀ ਹੈ। ਇਹੀ ਸਹੀ ਰਾਹ ਹੈ।

ਰਾਜਾ ਦਾ ਸਾਰਾ ਘੁਮੰਡ ਚੂਰ ਹੋ ਗਿਆ। ਉਹ ਬੋਲਿਆ ਆਪ ਨੇ ਠੀਕ ਹੀ ਕਿਹਾ ਹੈ। ਮੈਂ ਵੀ ਆਪਣੇ ਆਪ ਨੂੰ ਘੱਟ ਮਹਾਨ ਨਹੀਂ ਮੰਨਦਾ ਸੀ ਜਦਕਿ ਰਾਜਾ ਤਾਂ ਪ੍ਰਜਾ ਦਾ ਸੇਵਕ ਹੈ। ਆਪ ਨੇ ਗਲਤੀ ਦੱਸ ਕੇ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ।

ਦੇਵਤਿਆਂ ਨੇ ਮਾਲਾਵਾਂ ਰਾਜਾ ਨੂੰ ਸੌਂਪ ਦਿੱਤੀਆਂ ਅਤੇ ਕਿਹਾ– ਇਹਨਾਂ ਨੂੰ ਰੱਖੋ। ਜਦ ਤਕ ਤੁਸੀਂ ਫਰਜ਼ ਦਾ ਪਾਲਣ ਕਰਦੇ ਰਹੋਗੇ, ਤਦ ਤਕ ਇਹ ਇਸੇ ਤਰ੍ਹਾਂ ਤਾਜਾ ਰਹਿ ਕੇ ਮਹਿਕਦੀਆਂ ਰਹਿਣਗੀਆਂ। ■

ਅਸੀਂ ਕਿਉਂ ਮਨਾਉਂਦੇ ਹਾਂ ਗਣਤੰਤਰ ਦਿਵਸ

ਪਿਆਰੇ ਬੱਚਿਓ! ਇਹ ਤਾਂ ਤੁਸੀਂ ਜਾਣਦੇ ਹੀ ਹੋਵੋਗੇ ਕਿ ਸੈਂਕੜੇ ਸਾਲਾਂ ਦੀ ਲੰਮੀ ਗੁਲਾਮੀ ਤੋਂ ਬਾਅਦ ਆਖਿਰਕਾਰ 15 ਅਗਸਤ, 1947 ਨੂੰ ਸਾਨੂੰ ਅੰਗ੍ਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦੀ ਮਿਲੀ। ਇਸ ਲਈ ਅਸੀਂ ਸੁਤੰਤਰਤਾ ਦਿਵਸ ਹਰ ਸਾਲ 15 ਅਗਸਤ ਨੂੰ ਮਨਾਉਂਦੇ ਹਾਂ, ਪਰ ਅਸੀਂ 26 ਜਨਵਰੀ ਨੂੰ ਗਣਤੰਤਰ ਦਿਵਸ ਕਿਉਂ ਮਨਾਉਂਦੇ ਹਾਂ, ਇਹ ਸ਼ਾਇਦ ਘੱਟ ਹੀ ਲੋਕਾਂ ਨੂੰ ਪਤਾ ਹੈ। ਦਰਅਸਲ, 26 ਜਨਵਰੀ, 1950 ਨੂੰ ਗੌਰਮਿੰਟ ਆਫ ਇੰਡੀਆ ਐਕਟ ਦੀ ਥਾਂ ਸਾਡੇ ਦੇਸ਼ ਨੇ ਪ੍ਰਸ਼ਾਸਨਿਕ ਵਿਵਸਥਾ ਲਈ ਭਾਰਤ ਦੇ ਸੰਵਿਧਾਨ ਨੂੰ ਸਵੀਕਾਰ ਕਰਦੇ ਹੋਏ ਉਸ ਨੂੰ ਲਾਗੂ ਕੀਤਾ ਸੀ। ਹਾਲਾਂਕਿ ਸੰਵਿਧਾਨ ਤਾਂ 26 ਨਵੰਬਰ, 1949 ਨੂੰ ਹੀ ਏਡਾਪਟ ਕੀਤਾ ਸੀ ਪਰ 26 ਜਨਵਰੀ 1950 ਦੀ ਤਰੀਕ ਨੂੰ ਸੰਵਿਧਾਨ ਲਾਗੂ ਕਰਨ ਲਈ ਇਸ ਲਈ ਚੁਣਿਆ ਗਿਆ, ਕਿਉਂਕਿ 1930 ਵਿੱਚ ਸੁਤੰਤਰਤਾ ਅੰਦੋਲਨ ਦੇ ਦੌਰਾਨ 26 ਜਨਵਰੀ ਨੂੰ ਹੀ ਭਾਰਤੀ ਰਾਸ਼ਟਰੀ ਕਾਂਗਰਸ ਨੇ 'ਪੂਰਣ ਸਵਰਾਜ' ਦੀ ਘੋਸ਼ਣਾ ਕੀਤੀ ਸੀ। ਇਸ ਫੈਸਲੇ ਨਾਲ ਉਹ ਇਤਿਹਾਸਿਕ ਪਲ ਜੁੜ ਜਾਂਦਾ ਹੈ।

ਗਣਤੰਤਰ ਦਿਵਸ ਰਾਸ਼ਟਰੀ ਛੁੱਟੀ ਹੁੰਦੀ ਹੈ। ਇਸ ਤੋਂ ਇਲਾਵਾ ਦੋ ਹੋਰ ਰਾਸ਼ਟਰੀ ਛੁੱਟੀਆਂ ਹੁੰਦੀਆਂ ਹਨ, ਇਕ 2 ਅਕਤੂਬਰ ਨੂੰ ਗਾਂਧੀ ਜੈਯੰਤੀ ਅਤੇ ਦੂਜਾ 15 ਅਗਸਤ ਨੂੰ ਸੁਤੰਤਰਤਾ ਦਿਵਸ। ਹੁਣ ਤੁਹਾਡੇ ਮਨ ਵਿੱਚ ਇਹ ਸਵਾਲ ਜ਼ਰੂਰ ਉਠੱ ਰਿਹਾ ਹੋਵੇਗਾ ਕਿ ਸਾਡਾ ਸੰਵਿਧਾਨ ਤਿਆਰ ਕਿਵੇਂ ਹੋਇਆ ਤਾਂ ਤੁਹਾਡੀ ਜਾਣਕਾਰੀ ਲਈ ਦੱਸ ਦੇਵਾਂ ਕਿ 28 ਅਗਸਤ, 1947 ਨੂੰ ਡਾ: ਭੀਮਰਾਵ ਅੰਬੇਡਕਰ ਦੀ ਪ੍ਰਧਾਨਗੀ ਵਿੱਚ ਨਵਾਂ ਸਥਾਈ ਸੰਵਿਧਾਨ ਗਠਿਤ ਕਰਨ ਲਈ ਇਕ ਕਮੇਟੀ ਬਣਾਈ ਗਈ ਜਿਸ ਨੇ ਇਕ ਡਰਾਫਟ ਤਿਆਰ ਕੀਤਾ। ਡਰਾਫਟਿੰਕ ਕਮੇਟੀ ਨੇ ਆਪਣਾ ਡਰਾਫਟ 4 ਨਵੰਬਰ, 1947 ਨੂੰ ਸੰਵਿਧਾਨ ਸਭਾ ਦੇ ਸਾਹਮਣੇ ਰੱਖਿਆ। ਇਸ ਸਭਾ ਦੀਆਂ 166 ਬੈਠਕਾਂ ਹੋਈਆਂ ਜੋ ਦੋ ਸਾਲ 11 ਮਹੀਨੇ ਅਤੇ 11 ਦਿਨ ਤਕ ਚਲੀਆਂ। ਇਹ ਬੈਠਕਾਂ ਆਮ ਜਨਤਾ ਲਈ ਖੁੱਲ੍ਹੀਆਂ ਹੋਈਆਂ ਸਨ। ਸਭਾ ਵਿੱਚ ਡਰਾਫਟ ਦੇ ਹਰ ਪਹਿਲੂ ਉਤੇ ਚਰਚਾ ਅਤੇ ਬਹਿਸ ਹੋਈ, ਸੁਝਾਵ ਦਿਤੇ ਗਏ ਅਤੇ ਸੰਸ਼ੋਧਨ ਕੀਤੇ ਗਏ ਅਤੇ ਫਿਰ ਅੰਤ ਵਿੱਚ ਇਸ ਨੂੰ ਸਵੀਕਾਰ ਕਰਦੇ ਹੋਏ ਇਸ ਦੀਆਂ ਹਿੰਦੀ ਅਤੇ ਅੰਗ੍ਰੇਜ਼ੀ ਭਾਸ਼ਾ ਵਿੱਚ ਦੋ ਕਾਪੀਆਂ ਛਪੀਆਂ ਅਤੇ ਇਹਨਾਂ ਉਤੇ 24 ਜਨਵਰੀ, 1950 ਨੂੰ ਸਭਾ ਦੇ ਸਾਰੇ 308 ਮੈਂਬਰਾਂ ਨੇ ਸਾਈਨ ਕਰ ਦਿੱਤੇ। ਇਸ ਤੋਂ ਠੀਕ ਦੋ ਦਿਨ ਬਾਅਦ ਯਾਨੀ 26 ਜਨਵਰੀ, 1950 ਨੂੰ ਸੰਵਿਧਾਨ ਪੂਰੇ ਦੇਸ਼ ਵਿੱਚ ਲਾਗੂ ਕਰ ਦਿਤਾ ਗਿਆ। ਕੇਵਲ ਜੰਮੂ ਕਸ਼ਮੀਰ ਨੂੰ ਛੱਡ ਕੇ। ਹੁਣ ਤੁਸੀਂ ਪੁੱਛ ਸਕਦੇ ਹੋ ਕਿ ਜੰਮੂ-ਕਸ਼ਮੀਰ ਨੂੰ ਕਿਉਂ ਛੱਡਿਆ ਗਿਆ? ਜੰਮੂ ਕਸ਼ਮੀਰ ਦੇ ਸਦਰੇ-ਰਿਆਸਤ ਰਾਜਾ ਹਰੀ ਸਿੰਘ, ਪ੍ਰਧਾਨਮੰਤਰੀ ਸ਼ੇਖ ਅਬਦੁੱਲ੍ਹਾ ਅਤੇ ਭਾਰਤ ਦੇ ਪ੍ਰਧਾਨਮੰਤਰੀ ਜਵਾਹਰ ਲਾਲ ਨਹਿਰੂ ਦੇ ਵਿਚਕਾਰ ਜੋ ਸਮਝੌਤਾ ਹੋਇਆ ਸੀ ਉਸਦੇ ਤਹਿਤ ਭਾਰਤ ਸਰਕਾਰ ਦੇ ਕੋਲ ਜੰਮੂ-ਕਸ਼ਮੀਰ ਦੇ ਮਾਮਲੇ ਵਿੱਚ ਕੇਵਲ ਤਿੰਨ ਅਧਿਕਾਰ ਸਨ - ਮੁਦਰਾ, ਵਿਦੇਸ਼ ਨੀਤੀ ਅਤੇ ਰੱਖਿਆ। ਬਾਕੀ ਮਾਮਲਿਆਂ ਵਿੱਚ ਉਸਦੇ ਕੋਲ ਆਪਣਾ ਸੰਵਿਧਾਨ, ਝੰਡਾ, ਪ੍ਰਧਾਨਮੰਤਰੀ ਆਦਿ ਸਨ। 1952 ਵਿੱਚ ਸ਼ੇਖ ਦੀ ਗ੍ਰਿਫਤਾਰੀ ਤੋਂ ਬਾਅਦ ਉਥੇ ਵੀ ਮੁਖਮੰਤਰੀ ਬਣਨ ਲਗੇ ਅਤੇ 1969 ਵਿੱਚ ਹਰੀ ਸਿੰਘ ਦੇ ਬੇਟੇ ਕਰਣ ਸਿੰਘ ਨੂੰ ਸਦਰੇ-ਰਿਆਸਤ ਤੋਂ ਹਟਾਉਣ ਤੋਂ ਬਾਅਦ ਗਵਰਨਰ ਬਣਾਏ ਜਾਣ ਲਗੇ ਜੋ ਵੰਸ਼ ਪਰੰਪਰਾ ਦੇ ਅਨੁਸਾਰ ਨਹੀਂ ਸਨ।

❑ ਸਤਿਆਵਾਨ ਮਲਿਕ

ਵਿਗਿਆਨ ਪ੍ਰਸ਼ਨੋਤਰੀ

❑ ਘਮੰਡੀਲਾਲ ਅਗਰਵਾਲ

ਪ੍ਰਸ਼ਨ : ਵਿਅਕਤੀ ਦੀ ਯਾਦਾਸ਼ਤ ਕਿਉਂ ਚਲੀ ਜਾਂਦੀ ਹੈ?

ਉੱਤਰ : ਮਨੁੱਖ ਦੇ ਦਿਮਾਗ ਵਿੱਚ ਕੁਝ ਅਜਿਹੀਆਂ ਕੋਸ਼ਕਾਵਾਂ ਹੁੰਦੀਆਂ ਹਨ ਜੋ ਅੱਖਾਂ ਰਾਹੀਂ ਵੇਖੀ ਗਈ ਜਾਣਕਾਰੀ ਦਾ ਸਮਾਯੋਜਨ ਕਰਦੀਆਂ ਹਨ। ਜਦ ਦਿਮਾਗ ਤੇ ਕਦੇ ਜਬਰਦਸਤ ਸੱਟ ਲਗ ਜਾਵੇ ਜਾਂ ਕਦੇ ਐਕਸੀਡੈਂਟ ਵਗੈਰਾ ਹੋ ਜਾਵੇ ਤਾਂ ਇਹ ਕੋਸ਼ਿਕਾਵਾਂ ਸੁੰਘੜ ਜਾਂਦੀਆਂ ਹਨ। ਇਸ ਨੂੰ ਹੀ ਯਾਦਾਸ਼ਤ ਚਲੇ ਜਾਣਾ ਕਹਿੰਦੇ ਹਨ।

ਪ੍ਰਸ਼ਨ : ਨਾਲ ਚੁੰਬਕ ਕਿਸੇ ਦੰਡ ਚੁੰਬਕ ਦੀ ਤੁਲਨਾ ਵਿੱਚ ਜ਼ਿਆਦਾ ਸ਼ਕਤੀਸ਼ਾਲੀ ਕਿਉਂ ਹੁੰਦਾ ਹੈ?

ਉੱਤਰ : ਨਾਲ ਚੁੰਬਕ ਦਾ ਆਕਾਰ U ਅਕਾਰ ਦਾ ਹੁੰਦਾ ਹੈ ਅਤੇ ਦੰਡ ਚੁੰਬਕ ਦਾ ਆਕਾਰ ਸਿਧਾ। U ਆਕਾਰ ਦੇ ਕਾਰਣ ਨਾਲ ਚੁੰਬਕ ਦੇ ਧਰੁਵ ਜ਼ਿਆਦਾ ਨੇੜੇ-ਨੇੜੇ ਰਹਿੰਦੇ ਹਨ ਜਿਸ ਨਾਲ ਚੁੰਬਕ ਦੀ ਸ਼ਕਤੀ ਵੱਧ ਜਾਂਦੀ ਹੈ ਅਤੇ ਆਕਰਸ਼ਣ ਬਲ ਵੀ ਜ਼ਿਆਦਾ ਲੱਗਦਾ ਹੈ। ਦੰਡ ਚੁੰਬਕ ਦੇ ਧਰੁਵ ਦੂਰ-ਦੂਰ ਹੋਣ ਨਾਲ ਚੁੰਬਕ ਦੀ ਸ਼ਕਤੀ ਘੱਟ ਰਹਿੰਦੀ ਹੈ। ਇਸ ਲਈ ਚੁੰਬਕ ਜ਼ਿਆਦਾ ਸ਼ਕਤੀਸ਼ਾਲੀ ਰਹਿੰਦੇ ਹਨ।

ਪ੍ਰਸ਼ਨ : ਹੱਥਾਂ ਨੂੰ ਅਗੇ-ਪਿਛੇ ਕਰਨ ਦੀ ਧੁਨੀ ਤੁਹਾਨੂੰ ਕਿਉਂ ਨਹੀਂ ਸੁਣਾਈ ਦਿੰਦੀ ਹੈ?

ਉੱਤਰ : ਜਦ ਤੁਸੀਂ ਆਪਣੇ ਹੱਥਾਂ ਨੂੰ ਅਗੇ-ਪਿਛੇ ਕਰਦੇ ਹੋ ਤਾਂ ਹੱਥਾਂ ਵਿੱਚ ਕੰਪਨ ਦੀ ਆਵਿਰਤੀ 20 ਤੋਂ ਘੱਟ ਹੁੰਦੀ ਹੈ। ਇਹ ਤਾਂ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ ਕਿ ਮਨੁੱਖ ਕੇਵਲ 20 ਤੋਂ 20,000 ਕੰਪਨ ਪ੍ਰਤੀ ਸੈਕਿੰਡ ਦੇ ਵਿੱਚ ਦੀ ਆਵਿਰਤੀ ਵਾਲੀ ਧੁਨੀ ਹੀ ਸੁਣ ਸਕਦਾ ਹੈ। ਇਸ ਲਈ ਤੁਹਾਨੂੰ ਹੱਥਾਂ ਨੂੰ ਅਗੇ-ਪਿਛੇ ਕਰਨ ਦੀ ਧੁਨੀ ਸੁਣਾਈ ਨਹੀਂ ਪੈਂਦੀ ਹੈ।

ਪ੍ਰਸ਼ਨ : ਫਰਸ਼ ਤੇ ਲੁੜਕਦੀ ਹੋਈ ਗੇਂਦ ਦਿਸ਼ਾ ਕਿਉਂ ਬਦਲ ਲੈਂਦੀ ਹੈ?

ਉੱਤਰ : ਵਸਤੂ ਦੀਆਂ ਦੋ ਸਥਿਤੀਆਂ ਹੁੰਦੀਆਂ ਹਨ- ਵਿਰਾਮ ਅਤੇ ਗਤੀ। ਉਸ ਦੀ ਸਥਿਤੀ ਵਿੱਚ ਪ੍ਰੀਵਰਤਨ ਅਸੰਭਵ ਹੈ। ਲੁੜਕਦੀ ਹੋਈ ਗੇਂਦ ਵਿੱਚ ਗਤੀ ਹੁੰਦੀ ਹੈ ਜਦ ਗੇਂਦ ਹਵਾ ਦੇ ਸੰਪਰਕ ਵਿੱਚ ਆਉਂਦੀ ਹੈ ਤਾਂ ਉਸ ਦੀ ਦਿਸ਼ਾ ਵਿੱਚ ਪ੍ਰੀਵਰਤਨ ਹੋ ਜਾਂਦਾ ਹੈ ਕਿਉਂਕਿ ਵਾਯੂ ਬਲ ਦਾ ਕੰਮ ਕਰਦੀ ਹੈ।ਇਸੇ ਵਜ੍ਹਾ ਨਾਲ ਹੀ ਲੁੜਕਦੀ ਹੋਈ ਗੇਂਦ ਦਿਸ਼ਾ ਬਦਲ ਲੈਂਦੀ ਹੈ। ❑

ਲੇਖ ਡਾ: ਪਰਸ਼ੂਰਾਮ ਸ਼ੁਕਲ

ਖੁੱਡ ਬਣਾ ਕੇ ਰਹਿਣ ਵਾਲੀ ਤਾਜੇ ਪਾਣੀ ਦੀ ਝੀਂਗਾ ਮੱਛੀ

ਝੀਂਗਾ ਮੱਛੀ ਅਸਲ ਵਿੱਚ ਮੱਛੀ ਨਹੀਂ ਹੈ। ਇਹ ਤਾਜੇ ਪਾਣੀ ਦੀਆਂ ਨਦੀਆਂ ਅਤੇ ਝੀਲਾਂ ਵਿੱਚ ਪਾਈ ਜਾਣ ਵਾਲੀ 'ਕ੍ਰਸਟੇਸ਼ੀਅਨ' ਹੈ। ਇਹ ਕਠੋਰ ਪਾਣੀ ਵਿੱਚ ਵਿਸ਼ੇਸ਼ ਰੂਪ ਨਾਲ ਜਿਸ ਵਿੱਚ ਚੂਨੇ ਦੀ ਮਾਤਰਾ ਹੋਵੇ, ਰਹਿਣਾ ਜ਼ਿਆਦਾ ਪਸੰਦ ਕਰਦੀ ਹੈ। ਝੀਂਗਾ ਮੱਛੀ ਨੂੰ ਅੰਗ੍ਰੇਜ਼ੀ ਵਿੱਚ 'ਕ੍ਰੇ ਫਿਸ਼' ਕਹਿੰਦੇ ਹਨ। ਇਸ ਸ਼ਬਦ ਦਾ ਉਪਯੋਗ ਕੰਡੇਦਾਰ ਕੁਝ ਸਮੁੰਦਰੀ ਜੀਵਾਂ ਲਈ ਵੀ ਕੀਤਾ ਜਾਂਦਾ ਹੈ ਪਰ ਇਹ ਇਕ ਭ੍ਰਾਮਕ ਤੱਥ ਹੈ। ਅਸਲ ਵਿੱਚ 'ਕ੍ਰੇ ਫਿਸ਼' ਅਰਥਾਤ ਝੀਂਗਾ ਮੱਛੀ ਤਾਜ਼ੇ ਪਾਣੀ ਵਿੱਚ ਪਾਈ ਜਾਣ ਵਾਲੀ ਇਕ ਮੱਛੀ ਹੈ।

ਝੀਂਗਾ ਮੱਛੀ ਇੰਗਲੈਂਡ, ਫ੍ਰਾਂਸ, ਜਰਮਨੀ, ਸੰਯੁਕਤ ਰਾਸ਼ਟਰ ਅਮਰੀਕਾ, ਦੱਖਣੀ ਅਮਰੀਕਾ, ਨਿਊਗਿਨੀ, ਆਸਟ੍ਰੇਲੀਆ, ਨਿਊਜੀਲੈਂਡ ਆਦਿ ਵਿੱਚ ਕਾਫੀ ਗਿਣਤੀ ਵਿਚ ਵੇਖਣ ਨੂੰ ਮਿਲਦੀ ਹੈ। ਝੀਂਗਾ ਮੱਛੀ ਅਫਰੀਕਾ ਵਿੱਚ ਨਹੀਂ ਮਿਲਦੀ ਪ੍ਰੰਤੂ ਮੇਡਾਗਾਸਕਰ ਵਿੱਚ ਹੈ। ਇਸ ਤਰ੍ਹਾਂ ਇਹ ਏਸ਼ੀਆ ਦੇ ਬਹੁਤ ਵੱਡੇ ਹਿੱਸੇ ਵਿੱਚ ਨਹੀਂ ਮਿਲਦੀ ਪਰ ਕੋਰੀਆ ਅਤੇ ਜਾਪਾਨ ਦੇ ਉਤੱਰੀ ਦੀਪਾਂ ਵਿੱਚ ਬਹੁਤ ਮਿਲਦੀ ਹੈ। ਝੀਂਗਾ ਮੱਛੀ ਦੀਆਂ ਕੁਝ ਜਾਤੀਆਂ ਅਜਿਹੀਆਂ ਹਨ ਜਿਹਨਾਂ ਨੂੰ ਸਰਲਤਾ ਨਾਲ ਇਕ ਸਥਾਨ ਤੋਂ ਦੂਸਰੇ ਸਥਾਨ ਤੇ ਲੈ ਜਾਇਆ ਜਾ ਸਕਦਾ ਹੈ ਅਤੇ ਉਹਨਾਂ ਨੂੰ ਪਾਲਿਆ ਜਾ ਸਕਦਾ ਹੈ। ਉਦਾਹਰਣ ਦੇ ਲਈ ਫ੍ਰਾਂਸ ਦੀ ਝੀਂਗਾ ਮੱਛੀ 'ਰੇਡਕਲਾ' ਨੂੰ ਇੰਗਲੈਂਡ ਦੀ ਥੇਮਸ ਨਦੀ ਵਿੱਚ ਸਫਲਤਾਪੂਰਵਕ ਪਾਲਿਆ ਜਾ ਰਿਹਾ ਹੈ। ਇਸੇ ਤਰ੍ਹਾਂ ਸੰਯੁਕਤ ਰਾਸ਼ਟਰ ਅਮਰੀਕਾ ਦੀ ਝੀਂਗਾ ਮੱਛੀ ਜਰਮਨੀ ਵਿੱਚ ਫਲ-ਫੁਲ ਰਹੀ ਹੈ।

ਝੀਂਗਾ ਮੱਛੀ ਦੀਆਂ ਲਗਭਗ ਪੰਜ ਸੌ ਜਾਤੀਆਂ ਅਤੇ ਉਪਜਾਤੀਆਂ ਹਨ। ਵਿਭਿੰਨ ਜਾਤੀਆਂ ਅਤੇ ਉਪਜਾਤੀਆਂ ਦੀਆਂ ਝੀਂਗਾ ਮੱਛੀਆਂ ਦੇ ਆਕਾਰ, ਸਰੀਰਕ ਰਚਨਾ ਅਤੇ ਆਦਤਾਂ ਆਦਿ ਵਿੱਚ ਥੋੜਾ ਬਹੁਤ ਫਰਕ ਹੁੰਦਾ ਹੈ। ਤਸਮਾਨੀਆ ਦੀ 'ਲੈਂਡ-ਕ੍ਰੇਬ' ਨਾਮਕ ਝੀਂਗਾ ਮੱਛੀ ਪਾਣੀ ਤੋਂ ਬਾਹਰ ਨਿਕਲ ਕੇ ਜੰਗਲਾਂ ਵਿੱਚ ਪਹੁੰਚ ਜਾਂਦੀ ਹੈ ਅਤੇ ਨਮੀ ਵਾਲੀ ਜ਼ਮੀਨ ਵਿੱਚ ਖੁਡ ਬਣਾ ਕੇ ਰਹਿਣ ਲੱਗਦੀ ਹੈ। ਸੰਯੁਕਤ ਰਾਸ਼ਟਰ ਅਮਰੀਕਾ ਦੇ ਕੇਂਟੁਕੀ ਨਾਮਕ ਸਥਾਨ ਤੇ ਕੁਝ ਪ੍ਰਕਾਸ਼ਹੀਨ ਜਲਗੁਫਾਵਾਂ ਹਨ ਜਿਹਨਾਂ ਨੂੰ 'ਮੈਮਥ' ਕਹਿੰਦੇ ਹਨ। ਇਹਨਾਂ ਗੁਫਾਵਾਂ ਵਿੱਚ ਰਹਿਣ ਵਾਲੀ ਝੀਂਗਾ ਮੱਛੀ ਦੀਆਂ ਅੱਖਾਂ ਨਹੀਂ ਹੁੰਦੀਆਂ ਪ੍ਰੰਤੂ ਅੱਖਾਂ ਦੇ ਨਿਸ਼ਾਨ ਪਾਏ ਜਾਂਦੇ ਹਨ। ਜੀਵ ਵਿਗਿਆਨਕਾਂ ਦਾ ਮੱਤ ਹੈ ਕਿ ਕਦੇ ਇਸ ਦੀਆਂ ਅੱਖਾਂ ਸਨ ਪ੍ਰੰਤੂ ਲੰਮੇ ਸਮੇਂ ਤਕ ਹਨ੍ਹੇਰੇ ਵਿੱਚ ਰਹਿਣ ਦੇ ਕਾਰਣ ਇਸ ਦੀਆਂ ਅੱਖਾਂ ਖਤਮ ਹੋ ਗਈਆਂ ਹਨ।

ਝੀਂਗਾ ਮੱਛੀ ਜ਼ਿਆਦਾ ਤਾਪਮਾਨ ਸਹਿਣ ਨਹੀਂ ਕਰ ਸਕਦੀ। ਇਹੀ ਕਾਰਣ ਹੈ ਕਿ ਇਹ ਗ੍ਰੇਨਾਈਟ ਜਾਂ ਇਸੇ ਤਰ੍ਹਾਂ ਦੇ ਚਟਾਨੀ ਖੇਤਰਾਂ ਵਿੱਚ ਨਹੀਂ ਮਿਲਦੀ। ਝੀਂਗਾ ਮੱਛੀ ਪਾਣੀ ਵਿੱਚ ਹੋਵੇ ਜਾਂ ਪਾਣੀ ਦੇ ਬਾਹਰ, ਦੁਪਹਿਰ ਨੂੰ ਛਾਂ ਵਿੱਚ ਚਲੀ ਜਾਂਦੀ ਹੈ। ਇਹ ਸਰਦੀਆਂ ਵਿੱਚ ਨਦੀ ਦੇ ਕਿਨਾਰੇ ਮਿੱਟੀ ਵਿੱਚ ਖੁੱਡ ਬਣਾਉਂਦੀ ਹੈ। ਇਸ ਦੀਆਂ ਖੁੱਡਾਂ ਡੂੰਘੀਆਂ ਹੁੰਦੀਆਂ ਹਨ। ਕੁਝ ਜਾਤੀਆਂ ਦੀਆਂ ਝੀਂਗਾ ਮੱਛੀਆਂ ਨਦੀਆਂ ਦੇ ਕਿਨਾਰਿਆਂ ਨੂੰ ਕਾਫੀ ਨੁਕਸਾਨ ਪਹੁੰਚਾਉਂਦੀਆਂ ਹਨ। ਇਹ ਬਹੁਤ ਡੂੰਘੀਆਂ ਖੁੱਡਾਂ ਖੋਦਦੀਆਂ ਹਨ। ਕੁਝ ਜਾਤੀਆਂ ਦੀਆਂ ਝੀਂਗਾ ਮੱਛੀਆਂ ਸਾਲ ਭਰ ਖੁੱਡਾਂ ਵਿੱਚ ਰਹਿੰਦੀਆਂ ਹਨ। ਉਤੱਰੀ ਅਮਰੀਕਾ ਦੀ ਇਕ ਖਾਸ ਜਾਤੀ ਦੀਆਂ ਝੀਂਗਾ ਮੱਛੀਆਂ ਦਾ ਖਾਸ ਵਿਸ਼ਵ ਕੀਰਤੀਮਾਨ ਹੈ। ਇਹਨਾਂ ਨੇ ਸਰਦੀ ਵਿੱਚ ਤਾਰਪਿਡ ਸੱਪਾਂ ਨੂੰ ਖਾ ਕੇ ਉਹਨਾਂ ਦੀਆਂ ਖੁੱਡਾਂ ਤੇ ਕਬਜ਼ਾ ਕਰ ਲਿਆ ਸੀ। ਤਾਰਪਿਡ ਸੱਪ ਇਸ ਸਮੇਂ ਸ਼ੀਤਕਾਲ ਗੂੜੀ ਨੀਂਦ ਲੈਂਦੇ ਹਨ। ਇਹਨਾਂ ਵਿੱਚ ਮੁਕਾਬਲਾ ਕਰਨ ਦੀ ਤਾਕਤ ਨਹੀਂ ਰਹਿ ਜਾਂਦੀ।

ਝੀਂਗਾ ਮੱਛੀ ਦੀ ਸਰੀਰਕ ਰਚਨਾ ਬੜੀ ਅਨੋਖੀ ਹੁੰਦੀ ਹੈ। ਆਮਤੌਰ ਤੇ ਇਸ ਦੀ ਲੰਬਾਈ 10 ਸੈਂਟੀਮੀਟਰ ਜਾ ਇਸ ਤੋਂ ਕੁਝ ਜ਼ਿਆਦਾ ਹੁੰਦੀ ਹੈ ਪ੍ਰੰਤੂ ਕੁਝ ਜਾਤੀ ਦੀਆਂ ਝੀਂਗਾਂ ਮੱਛੀਆਂ ਬਹੁਤ ਵੱਡੀਆਂ ਅਤੇ ਭਾਰੀ ਹੁੰਦੀਆਂ ਹਨ।

ਵਿਸ਼ਵ ਦੀ ਸਭ ਤੋਂ ਵੱਡੀ ਝੀਂਗਾ ਮੱਛੀ ਤਸਮਾਨੀਆ ਵਿੱਚ ਮਿਲਦੀ ਹੈ। ਏਸਟੇਕਾਪਸੀਸ ਫ੍ਰੇਂਕਲਿਨੀ ਨਾਮਕ ਇਸ ਝੀਂਗਾ ਮੱਛੀ ਦਾ ਵਜਨ 4 ਤੋਂ 5 ਕਿਲੋਗ੍ਰਾਮ ਤਕ ਹੁੰਦਾ ਹੈ। ਝੀਂਗਾ ਮੱਛੀ ਦਾ ਰੰਗ ਰੇਤੀਲਾ ਪੀਲਾ, ਹਰਾ ਜਾਂ ਗੂੜਾ ਕਥਈ ਹੁੰਦਾ ਹੈ। ਇਸ ਦੇ ਸਰੀਰ ਦੇ ਚਾਰ ਪ੍ਰਮੁੱਖ ਹਿੱਸੇ ਹੁੰਦੇ ਹਨ – ਸਿਰ, ਛਾਤੀ, ਪੇਟ ਅਤੇ ਪੂਛ। ਝੀਂਗਾ ਮੱਛੀ ਦਾ ਸਿਰ ਅਤੇ ਛਾਤੀ ਇਕ ਪਰਦੇ ਨਾਲ ਢੱਕਿਆ ਰਹਿੰਦਾ ਹੈ। ਇਸ ਪਰਦੇ ਦਾ ਅਗਲਾ ਸਿਰਾ ਨੁਕੀਲਾ ਹੁੰਦਾ ਹੈ, ਝੀਂਗਾ ਮੱਛੀ ਦੀਆਂ ਦੋ ਅੱਖਾਂ ਹੁੰਦੀਆਂ ਹਨ ਅਤੇ ਸਿਰ ਦੇ ਅਗਲੇ ਹਿੱਸੇ ਵਿੱਚ ਸੰਵੇਦਨਸ਼ੀਲ ਅੰਗਾਂ ਨਾਲ ਭਰਪੂਰ ਚਾਰ ਏਂਟੀਨਾ ਹੁੰਦੀਆਂ ਹਨ। ਇਹਨਾਂ ਦੇ ਨਾਲ ਹੀ ਇਕ ਜੋੜਾ ਲੰਬੀ ਏਂਟੀਨਾ ਦਾ ਹੁੰਦਾ ਹੈ ਜੋ ਸਪੱਰਸ਼ਇੰਦਰੀਆਂ ਦਾ ਕੰਮ ਕਰਦਾ ਹੈ। ਝੀਂਗਾ ਮੱਛੀ ਦਾ ਇਕ ਜੋੜਾ ਮਜ਼ਬੂਤ ਜਬੜੇ ਅਤੇ ਇਕ ਜੋੜਾ ਕਮਜ਼ੋਰ ਜਬੜੇ ਹੁੰਦੇ ਹਨ। ਇਹਨਾਂ ਜਬੜਿਆਂ ਨੂੰ 'ਮੈਕਸਿਲੀ' ਕਹਿੰਦੇ ਹਨ। ਝੀਂਗਾ ਮੱਛੀ ਦੇ ਨੌਂ ਜੋੜੇ ਪੈਰ ਹੁੰਦੇ ਹਨ। ਇਹਨਾਂ ਵਿੱਚੋਂ ਚਾਰ ਜੋੜੇ ਪੈਰ ਛਾਤੀ ਤੇ ਹੁੰਦੇ ਹਨ। ਇਹਨਾਂ ਨਾਲ ਇਹ ਚਲਦੀ ਫਿਰਦੀ ਹੈ। ਛਾਤੀ ਦੇ ਪੈਰਾਂ ਦੇ ਆਧਾਰ ਤੇ 20 ਜੋੜੇ ਖੰਭ ਵਰਗੇ ਗਲਫੜੇ ਹੁੰਦੇ ਹਨ। ਇਸ ਦੀ ਮੈਕਸਿਲੀ ਦਾ ਦੂਸਰਾ ਜੋੜਾ ਇਹਨਾਂ ਗਲਫੜਿਆਂ ਤਕ ਪਾਣੀ ਪਹੁੰਚਾਉਂਦਾ ਹੈ ਜਿਸ ਨਾਲ ਇਹ ਸਾਹ ਲੈਂਦੀਆਂ ਹਨ। ਇਸ ਦੀ ਛਾਤੀ ਤੇ ਹੀ ਤਿੰਨ ਜੋੜੇ 'ਅਪੇਂਡੇਜ਼' ਨਾਮਕ ਅੰਗ ਹੁੰਦੇ ਹਨ ਜੋ ਜਬੜਿਆਂ ਤਕ ਭੋਜਨ ਪਹੁੰਚਾਉਣ ਦਾ ਕੰਮ ਕਰਦੇ ਹਨ। ਝੀਂਗਾ ਮੱਛੀ ਦੀ ਛਾਤੀ ਦੇ ਹੇਠਾਂ ਪੇਟ ਹੁੰਦਾ ਹੈ ਜੋ ਅਨੇਕ ਹਿੱਸਿਆਂ ਵਿੱਚ ਵੰਡਿਆਂ ਹੁੰਦਾ ਹੈ। ਇਸ ਪੇਟ ਵਾਲੇ ਹਿੱਸੇ ਵਿੱਚ ਪੰਜ ਜੋੜੇ ਪੈਰ ਹੁੰਦੇ ਹਨ ਇਹਨਾਂ ਵਿਚੋਂ ਨਰ ਝੀਂਗਾ ਮੱਛੀ ਦੇ ਪੈਰ ਦਾ ਇਕ ਜੋੜਾ ਦਰਾਰਾਂ ਵਾਲਾ ਹੁੰਦਾ ਹੈ ਅਤੇ ਇਹ ਪ੍ਰਜਨਨ ਅੰਗ ਦੇ ਰੂਪ ਵਿੱਚ ਕੰਮ ਕਰਦਾ ਹੈ। ਪੇਟ ਦੇ ਬਾਕੀ ਚਾਰ ਜੋੜੇ ਪੈਰ ਤੈਰਨ ਦੇ ਕੰਮ ਆਉਂਦੇ ਹਨ। ਸਰੀਰ ਦੇ ਅੰਤ ਵਿੱਚ ਇਕ ਵੱਡੀ ਪੱਖੇ ਵਰਗੀ ਪੂਛ ਹੁੰਦੀ ਹੈ। ਇਸ ਦੀ ਪੂਛ ਬਹੁਤ ਹੀ ਵਿਲੱਖਣ ਹੁੰਦੀ ਹੈ। ਇਸ ਦੀ ਸਹਾਇਤਾ ਨਾਲ ਦੁਸ਼ਮਣ ਤੋਂ ਬਚਣ ਲਈ ਤੇਜ਼ੀ ਨਾਲ ਪਿਛੇ ਵੱਲ ਤੈਰ ਸਕਦੀ ਹੈ।

ਝੀਂਗਾ ਮੱਛੀ ਦਿਨ ਦੇ ਸਮੇਂ ਪੱਥਰਾਂ ਦੇ ਹੇਠਾਂ ਜਾਂ ਮਿੱਟੀ ਦੀਆਂ ਖੁੱਡਾਂ ਵਿੱਚ ਆਰਾਮ ਕਰਦੀ ਹੈ ਅਤੇ ਰਾਤ ਦੇ ਸਮੇਂ ਭੋਜਨ ਦੀ ਭਾਲ ਵਿੱਚ ਨਿਕਲਦੀ ਹੈ ਪ੍ਰੰਤੂ ਕਦੇ-ਕਦੇ ਇਸ ਨੂੰ ਦਿਨ ਦੇ ਸਮੇਂ ਵੀ ਸ਼ਿਕਾਰ ਕਰਦੇ ਹੋਏ ਵੇਖਿਆ ਗਿਆ ਹੈ। ਇਸ ਦਾ ਪ੍ਰਮੁੱਖ ਭੋਜਨ ਪਾਣੀ ਦੇ ਛੋਟੇ-ਛੋਟੇ ਜੀਵ ਹਨ। ਇਹ ਸਟਿਕਲਬੈਕ ਵਰਗੀ ਛੋਟੀ ਮੱਛੀਆਂ ਤਾਜ਼ੇ ਪਾਣੀ ਦੇ ਘੋਗੇ, ਟੇਡਪੋਲ ਅਤੇ ਵਿਭਿੰਨ ਪ੍ਰਕਾਰ ਦੇ ਕੀੜੇ-ਮਕੋੜੇ ਅਤੇ ਇਹਨਾਂ ਦੇ ਲਾਰਵੇ ਆਦਿ ਬੜੇ ਸਵਾਦ ਨਾਲ ਖਾਂਦੀ ਹੈ। ਕੁਝ ਜਾਤੀਆਂ ਦੀਆਂ ਝੀਂਗਾ ਮੱਛੀਆਂ ਪਾਣੀ ਦੇ ਪੌਦੇ ਖਾਂਦੀਆਂ ਹਨ। ਉਤੱਰੀ ਅਮਰੀਕਾ ਦੀ ਮਿਸੀਸਿਪੀ ਘਾਟੀ ਵਿੱਚ ਪਾਈ ਜਾਣ ਵਾਲੀ ਝੀਂਗਾ ਮੱਛੀ ਦਾ ਪਿਆਰਾ ਭੋਜਨ ਚਾਵਲ ਹੈ। ਕਿਸਾਨ ਇਸ ਨੂੰ ਆਪਣਾ ਦੁਸ਼ਮਣ ਸਮਝਦੇ ਹਨ ਅਤੇ ਕੀਟਨਾਸ਼ਕ ਦਵਾਈਆਂ ਦੀ ਸਹਾਇਤਾ ਨਾਲ ਇਹਨੂੰ ਮਾਰ ਦਿੰਦੇ ਹਨ।

ਝੀਂਗਾ ਮੱਛੀ ਦਾ ਸ਼ਿਕਾਰ ਕਰਨ ਦਾ ਢੰਗ ਬੜਾ ਰੋਚਕ ਹੁੰਦਾ ਹੈ। ਇਸ ਦੀ ਛਾਤੀ ਦੇ ਪੈਰਾਂ ਦਾ ਅਗਲਾ ਜੋੜਾ ਵੱਡਾ ਹੁੰਦਾ ਹੈ ਅਤੇ ਇਸ ਦੇ ਪੈਰਾਂ ਦੇ ਅਗਲੇ ਹਿੱਸੇ ਦਾ ਆਕਾਰ ਚਿਮਟੇ ਦੀ ਤਰ੍ਹਾਂ ਹੁੰਦਾ ਹੈ। ਇਸ ਦੇ ਬਾਕੀ ਤਿੰਨਾਂ ਜੋੜਿਆਂ ਦੇ ਪੈਰਾਂ ਵਿੱਚ ਅਗਲੇ ਹਿੱਸੇ ਚਿਮਟੇ ਦੇ ਆਕਾਰ ਦੇ ਹੁੰਦੇ ਹਨ ਪ੍ਰੰਤੂ ਇਹ ਪਹਿਲੇ ਜੋੜੇ ਦੇ ਪੈਰਾਂ ਦੀ ਤੁਲਨਾ ਵਿੱਚ ਬਹੁਤ ਛੋਟੇ ਹੁੰਦੇ ਹਨ। ਝੀਂਗਾ ਮੱਛੀ ਆਪਣੇ ਸ਼ਿਕਾਰ ਨੂੰ ਇਨ੍ਹਾਂ ਪੈਰਾਂ ਦੇ ਚਿਮਟੇ ਵਾਲੇ ਹਿੱਸੇ ਨਾਲ

ਫੜਦੀ ਹੈ ਅਤੇ ਉਸ ਦੇ ਟੁਕੜੇ-ਟੁਕੜੇ ਕਰ ਦਿੰਦੀ ਹੈ। ਇਸ ਦੇ ਬਾਦ ਇਹ ਟੁਕੜੇ ਮੂੰਹ ਤਕ ਪਹੁੰਚਾ ਦਿੱਤੇ ਜਾਂਦੇ ਹਨ। ਝੀਂਗਾ ਮੱਛੀ ਦੇ ਸਿਰ ਤੇ ਏਂਟੀਨਾ ਦੇ ਆਧਾਰ ਤੇ ਇਕ ਮਲਦਵਾਰ ਹੁੰਦਾ ਹੈ। ਜਿਹਨਾਂ ਨਾਲ ਪਾਣੀ ਦੇ ਨਾਲ ਮਲ ਵੀ ਬਾਹਰ ਕੱਢ ਦਿੱਤਾ ਜਾਂਦਾ ਹੈ।

ਝੀਂਗਾ ਮੱਛੀ ਦੇ ਨਵਜਾਤ ਬੱਚੇ ਆਮ ਕੀਟੋਂ ਅਤੇ ਕ੍ਰਸਟੇਸ਼ੀਅਨ ਦੀ ਤਰ੍ਹਾਂ ਕੇਂਚੁਲ ਬਦਲਦੇ ਹਨ ਅਤੇ ਵਾਧਾ ਕਰਦੇ ਹਨ। ਝੀਂਗਾ ਮੱਛੀ ਦੇ ਬੱਚੇ ਕੇਵਲ ਚਾਰ ਵਾਰ ਕੇਂਚੁਲ ਬਦਲਦੇ ਹਨ। ਇਹਨਾਂ ਵਿੱਚ ਸਭ ਤੋਂ ਪਹਿਲਾਂ ਕੈਲਸ਼ੀਅਮ ਦਾ ਪੁਰਾਣਾ ਪਰਦਾ ਖ਼ੂਨ ਵਿੱਚ ਵਾਪਸ ਲੈ ਲਿਆ ਜਾਂਦਾ ਹੈ। ਇਸ ਦਾ ਉਪਯੋਗ ਪੁਰਾਣੇ ਪਰਦੇ ਦੇ ਹੇਠਾਂ ਤਿਆਰ ਹੋਣ ਵਾਲੇ ਨਵੇ ਪਰਦੇ ਵਿੱਚ ਕੀਤਾ ਜਾਂਦਾ ਹੈ। ਝੀਂਗਾ ਮੱਛੀ ਦਾ ਸਰੀਰ ਪੁਰਾਣੇ ਪਰਦੇ ਦੇ ਝੜਨ ਦੇ ਬਾਦ ਪਾਣੀ ਸੋਕ ਕੇ ਫੁੱਲ ਜਾਂਦਾ ਹੈ। ਇਸ ਦੇ ਬਾਦ ਨਵਾਂ ਪਰਦਾ ਨਿਕਲਦਾ ਹੈ ਜੋ ਸ਼ੁਰੂ ਵਿੱਚ ਕੋਮਲ ਹੁੰਦਾ ਹੈ ਪ੍ਰੰਤੂ ਕੁਝ ਸਮੇਂ ਬਾਦ ਹੌਲੀ-ਹੌਲੀ ਸਖਤ ਹੋ ਜਾਂਦਾ ਹੈ। ਝੀਂਗਾ ਮੱਛੀ ਨੂੰ ਇਕ ਵਾਰ ਕੇਂਚੁਲ ਬਦਲਣ ਵਿੱਚ 6 ਘੰਟੇ ਲੱਗਦੇ ਹਨ। ਇਸ ਵਿਚਕਾਰ ਇਹ ਕੁਝ ਵੀ ਖਾਂਦੀ-ਪੀਂਦੀ ਨਹੀਂ ਹੈ ਅਤੇ ਕਿਸੇ ਖੁੱਡ ਵਿੱਚ ਜਾਂ ਇਸੇ ਤਰ੍ਹਾਂ ਦੇ ਸੁਰੱਖਿਅਤ ਸਥਾਨ ਵਿੱਚ ਲੁਕੀ ਰਹਿੰਦੀ ਹੈ। ਇਹ ਇਸ ਦੇ ਲਈ ਬੜਾ ਖਤਰਨਾਕ ਸਮਾਂ ਹੁੰਦਾ ਹੈ। ਇਸ ਕਾਲ ਵਿੱਚ ਇਹ ਐਨੀ ਕਮਜ਼ੋਰ ਹੋ ਜਾਂਦੀ ਹੈ ਕਿ ਦੁਸ਼ਮਣਾ ਤੋਂ ਆਪਣੀ ਰੱਖਿਆ ਨਹੀਂ ਕਰ ਸਕਦੀ। ਕਦੇ-ਕਦੇ ਤਾਂ ਪਰਦਾ ਬਦਲਦੇ ਸਮੇਂ ਕਮਜ਼ੋਰੀ ਦੇ ਕਾਰਣ ਇਸ ਦੀ ਖੁਦ ਮੌਤ ਹੋ ਜਾਂਦੀ ਹੈ। ਆਮਤੌਰ ਤੇ ਝੀਂਗਾ ਮੱਛੀ ਦੇ ਬੱਚੇ 2 ਤੋਂ 3 ਸਾਲ ਦੇ ਵਿਚਕਾਰ ਬਾਲਕ ਹੋ ਜਾਂਦੇ ਹਨ ਅਤੇ ਲਗਭਗ 20 ਸਾਲਾਂ ਤਕ ਜੀਵਤ ਰਹਿੰਦੇ ਹਨ।

❑ *ਰਿਸ਼ੀ ਮੋਹਨ*

ਪਪੀਹਾ
ਇਕ ਚਲਾਕ ਪੰਛੀ

ਪਪੀਹਾ ਇਕ ਚਲਾਕ ਅਤੇ ਸਮਝਦਾਰ ਪੰਛੀ ਹੈ। ਮਾਦਾ ਪਪੀਹਾ ਆਪਣੇ ਆਂਡੇ 'ਚਰਖ' ਨਾਮਕ ਪੰਛੀ ਦੇ ਆਲ੍ਹਣੇ ਵਿੱਚ ਰੱਖ ਆਉਂਦੀ ਹੈ। ਚਰਖ ਉਹਨਾਂ ਆਂਡਿਆਂ ਨੂੰ ਆਪਣਾ ਸਮਝਦਾ ਹੈ ਅਤੇ ਇਸ ਲਈ ਉਹਨਾਂ ਨੂੰ ਸੇਕਦਾ ਹੈ ਪ੍ਰੰਤੂ ਜਦ ਆਂਡਿਆਂ ਵਿਚੋਂ ਬੱਚੇ ਨਿਕਲਦੇ ਹਨ ਅਤੇ ਉਹ ਉਡਣ ਲਾਇਕ ਹੋ ਜਾਂਦੇ ਹਨ ਤਦ ਉਹ ਇਕਦਮ ਨਾਲ ਫੁਰ ਹੋ ਜਾਂਦੇ ਹਨ।

ਪਪੀਹਾ ਵਰਖਾ ਦੇ ਦਿਨਾਂ ਵਿੱਚ 'ਪੀ ਕਹਾਂ, ਪੀ ਕਹਾਂ' ਦੀ ਅਵਾਜ਼ ਲਗਾਉਂਦਾ ਰਹਿੰਦਾ ਹੈ। ਕੁਝ ਲੋਕ ਇਹਨੂੰ ਪਾਣੀ ਵਰਸਣ ਦਾ ਸੰਕੇਤ ਮੰਨਦੇ ਹਨ। ਕਦੇ ਪਪੀਹੇ ਦੀ ਆਵਾਜ਼ ਤੇਜ਼ ਸੁਣਾਈ ਦਿੰਦੀ ਹੈ। ਕਦੇ ਇਕਦਮ ਨਾਲ ਕੁਝ ਦੇਰ ਰੁਕ ਜਾਂਦੀ ਹੈ।

ਪਪੀਹੇ ਦਾ ਆਕਾਰ ਕੁਝ-ਕੁਝ ਕਬੂਤਰ ਦੇ ਵਾਂਗ ਹੁੰਦਾ ਹੈ। ਇਸ ਦੀ ਪੂਛ ਲੰਮੀ ਅਤੇ ਚੁੰਝ ਪੀਲੀ ਹੁੰਦੀ ਹੈ। ਚੁੰਝ ਦਾ ਸਭ ਤੋਂ ਅਗੇ ਦਾ ਹਿੱਸਾ ਕੁਝ ਕਾਲਾ ਹੁੰਦਾ ਹੈ। ਇਕ ਵਿਸ਼ੇਸ਼ ਗੱਲ ਇਹ ਹੈ ਕਿ ਪਪੀਹੇ ਦੀਆਂ ਅੱਖਾਂ ਦਾ ਰੰਗ ਪੀਲਾ ਹੁੰਦਾ ਹੈ। ਜਦ ਕਿ ਪਪੀਹੇ ਦੇ ਸਰੀਰ ਦਾ ਉਪਰੀ ਹਿੱਸਾ ਸਲੇਟੀ ਅਤੇ ਹੇਠਾਂ ਦਾ ਹਿੱਸਾ ਸਫੈਦ ਹੁੰਦਾ ਹੈ ਜਿਸ ਤੇ ਭੂਰੇ ਰੰਗ ਦੀਆਂ ਧਾਰੀਆਂ ਬਣੀਆਂ ਰਹਿੰਦੀਆਂ ਹਨ।

ਪਪੀਹੇ ਦੇ ਗਲ ਵਿੱਚ ਛੇਕ ਹੁੰਦਾ ਹੈ। ਜਿਵੇਂ ਹੀ ਇਹ ਪਾਣੀ ਪੀਂਦਾ ਹੈ ਤਦ ਪਾਣੀ ਦੀ ਵਧੇਰੇ ਮਾਤਰਾ ਹੇਠਾਂ ਡਿਗ ਜਾਂਦੀ ਹੈ। ਤਦ ਇਹ ਚਿਲਾਉਣ ਲੱਗ ਜਾਂਦਾ ਹੈ ਕਿਉਂਕਿ ਇਸ ਦੀ ਪਿਆਸ ਪਾਣੀ ਡਿਗਣ ਕਾਰਣ ਬੁਝਦੀ ਨਹੀਂ। ਉਸ ਸਮੇਂ ਇਹਨੂੰ ਗੁੱਸਾ ਆਉਂਦਾ ਹੈ।

ਪਪੀਹੇ ਨੂੰ ਛੋਟੇ ਫਲ-ਫੁਲ ਅਤੇ ਕੀੜੇ ਮਕੌੜੇ ਖਾਣਾ ਪਸੰਦ ਹਨ।

ਬਾਲ ਕਹਾਣੀ : ਸੁਕੀਰਤੀ

ਹਰਿਅਲ ਦੀ ਸਿਖਿਆ

ਇਕ ਦਿਨ ਕਾਲੂ ਭਾਲੂ ਦਾ ਬੇਟਾ ਲਾਲੂ ਬਾਗ ਵਿੱਚ ਬੈਠਾ ਇਕ ਜਾਸੂਸੀ ਨਾਵਲ ਪੜ ਰਿਹਾ ਸੀ ਜਿਸ ਵਿੱਚ ਇਕ ਅਜਿਹੇ ਤੋਤੇ ਦਾ ਵਰਨਣ ਸੀ ਜਿਸ ਨੇ ਇਕ ਸਮੇਂ ਕਿਸੇ ਮੁਸੀਬਤ ਵਿੱਚ ਫਸੇ ਆਪਣੇ ਮਾਲਿਕ ਦੀ ਰੱਖਿਆ ਕੀਤੀ ਸੀ। ਬਸ, ਤਦ ਤੋਂ ਉਸ ਨੇ ਸੋਚ ਲਿਆ ਕਿ ਉਹ ਵੀ ਇਕ ਤੋਤਾ ਪਾਲੇਗਾ ਅਤੇ ਜਲਦ ਹੀ ਉਸ ਦੀ ਇਹ ਇੱਛਾ ਪੂਰੀ ਵੀ ਹੋ ਗਈ। ਇਕ ਸਵੇਰ ਸੂਰਜਮੁਖੀ ਦੇ ਫੁੱਲ ਤੇ ਬੈਠੇ ਹਰਿਅਲ ਤੋਤੇ ਨੂੰ ਚੁਪਕੇ ਜਿਹੇ ਫੜ ਕੇ ਉਸ ਨੇ ਪਿੰਜਰੇ ਵਿੱਚ ਪਾ ਦਿੱਤਾ।

ਕੁਝ ਦਿਨ ਤਾਂ ਹਰਿਅਲ ਬੜਾ ਖੁਸ਼ ਰਿਹਾ, ਪਰ ਹੌਲੀ-ਹੌਲੀ ਉਹਨੂੰ ਖੁਲ੍ਹੇ ਜੰਗਲ ਦੀ ਯਾਦ ਆਉਣ ਲੱਗੀ। ਪਿੰਜਰੇ ਵਿੱਚ ਬੈਠੇ-ਬੈਠੇ ਉਸ ਦੇ ਪੈਰ ਦੁਖਣ ਅਤੇ ਖੰਭਾਂ ਦਾ ਲਚੀਲਾਪਨ ਖਤਸ ਹੋ ਗਿਆ। ਲਾਲੂ ਹਰ ਸਵੇਰੇ ਪਿੰਜਰੇ ਨੂੰ ਘਰ ਤੋਂ ਬਾਹਰ ਅਮਰੂਦ ਦੇ ਰੁੱਖ ਤੇ ਟੰਗ ਦਿੰਦਾ। ਉਸ ਦਿਨ ਵੀ ਹਰਿਅਲ ਹਮੇਸ਼ਾਂ ਦੀ ਤਰ੍ਹਾਂ ਪਿੰਜਰੇ ਵਿੱਚ ਉਦਾਸ ਬੈਠਾ ਸੀ ਉਹਨੂੰ ਧੁਨਿਆ ਤੋਤੇ ਦੀ ਅਵਾਜ਼ ਸੁਣਾਈ ਦਿੱਤੀ ਜੋ ਚੋਗੇ ਦੀ ਭਾਲ ਵਿੱਚ ਉਡੱਦਾ-ਉਡੱਦਾ ਉਸ ਤਕ ਪਹੁੰਚ ਗਿਆ ਸੀ।

ਹਰਿਅਲ, ਤੂੰ ਇਥੇ ਕਿਵੇਂ? ਲੱਗਦਾ ਹੈ ਬੜੇ ਖੁਸ਼ ਹੋ, ਤਦੇ ਤਾਂ ਐਨੇ ਮੋਟੇ ਹੋ ਗਏ ਹੋ।' ਧੁਨਿਆ ਤੋਤੇ ਨੇ ਹੱਸਦੇ ਹੋਏ ਪੁੱਛਿਆ ਤਾਂ ਹਰਿਅਲ ਰੋ ਪਿਆ। ਉਹਨੂੰ ਰੋਂਦੇ ਵੇਖ ਧੁਨਿਆ ਹੈਰਾਨ ਰਹਿ ਗਿਆ, 'ਤੂੰ ਰੋ ਕਿਸ ਲਈ ਰਿਹਾ ਹੈ ਹਰਿਅਲ? ਤੈਨੂੰ ਤਾਂ ਖੁਸ਼ ਹੋਣਾ ਚਾਹੀਦਾ ਹੈ। ਕਾਲੂ ਭਾਲੂ ਦੇ ਆਲੀਸ਼ਾਨ ਬੰਗਲੇ ਵਿੱਚ ਰਹਿੰਦੇ ਹੋ, ਜਿਥੇ ਧੁੱਪ ਅਤੇ ਵਰਖਾ ਤੋਂ ਬਚੇ ਰਹਿੰਦੇ ਹੋ। ਕੂਲਰ ਦੀ ਠੰਡੀ ਹਵਾ ਵਿੱਚ ਸੌਂਦੇ ਹੋ ਅਤੇ ਫਰਿੱਜ ਦਾ ਠੰਡਾ ਪਾਣੀ ਅਤੇ ਸ਼ਰਬਤ ਪੀ-ਪੀ ਕੇ ਨਿਹਾਲ ਹੁੰਦੇ ਹੋ।' ਮੈਨੂੰ ਵੇਖ, ਸਾਰਾ ਦਿਨ ਖਾਣੇ ਦੀ ਭਾਲ ਵਿੱਚ ਮਾਰੇ-ਮਾਰੇ ਫਿਰਨਾ ਪੈਂਦਾ ਹੈ, ਫਿਰ ਵੀ ਰੁਖਾ-ਸੁਖਾ ਹੀ ਜੁਟਾ ਪਾਉਂਦਾ ਹਾਂ ਅਤੇ ਤੂੰ ਆਰਾਮ ਨਾਲ ਬੈਠੇ-ਬੈਠੇ ਫਲ, ਮਿਠਾਈ ਅਤੇ ਚੂਰੀ ਖਾਂਦਾ ਹੈ। ਭਈ ਮੈਨੂੰ ਤਾਂ ਤੇਰੇ ਨਾਲ ਈਰਖਾ ਹੋਣ ਲੱਗੀ ਹੈ। ਅਗਰ ਮੈਂ ਤੇਰੀ ਜਗ੍ਹਾ ਇਸ ਪਿੰਜਰੇ ਵਿੱਚ ਹੁੰਦਾ ਤਾਂ ਤੇਰੀ ਤਰ੍ਹਾਂ ਰੋਂਦਾ ਨਹੀਂ ਬਲਕਿ ਜ਼ਿੰਦਗੀ ਦੇ ਮਜੇ ਲੁਟਦਾ।

'ਵੇਖ ਧੁਨਿਆ, ਤੂੰ ਉਹ ਕਹਾਵਤ ਸੁਣੀ ਹੋਏਗੀ 'ਜਿਸ ਤਨ ਲਗੇ ਸੋ ਤਨ ਜਾਣੇ' ਇਸ ਲਈ ਅੱਜਕਲ ਜੋ ਮੇਰੇ ਤੇ ਬੀਤ ਰਹੀ ਹੈ ਉਹਨੂੰ ਤੂੰ ਨਹੀਂ ਸਮਝ ਸਕਦਾ।ਪਰ ਐਨਾ ਜਾਣ ਲੈ ਜੋ ਸੁਖ ਸ਼ਾਂਤੀ ਅਜ਼ਾਦ ਰਹਿਣ ਵਿੱਚ ਹੈ ਉਹ ਕੈਦਖਾਨੇ ਵਿੱਚ ਨਹੀਂ। ਇਸ ਲਈ ਭੁਲ ਕੇ ਵੀ ਕੈਦੀ ਬਣ ਕੇ ਰਹਿਣ ਦੀ ਗੱਲ ਨਾ ਸੋਚਣਾ। ਬਲਕਿ ਮੈਨੂੰ ਵੀ ਇਥੋਂ ਕੱਢਣ ਦੀ ਕੋਸ਼ਿਸ਼ ਕਰ। ਇਥੇ ਰਹਿੰਦੇ-ਰਹਿੰਦੇ ਤਾਂ ਕਿਸੇ ਦਿਨ ਮੇਰਾ ਦਮ ਘੁੱਟ ਜਾਏਗਾ। 'ਐਨਾ ਕਹਿ ਕੇ ਹਰਿਅਲ ਫਿਰ ਡੁਸਕਣ ਲੱਗਾ।

'ਕਿੰਨਾ ਮੂਰਖ ਹੈ ਇਹ ਹਰਿਅਲ। ਐਨੇ ਆਰਾਮ ਨਾਲ ਰਹਿੰਦੇ ਹੋਏ ਵੀ ਹਰ ਸਮੇਂ ਰੋਂਦਾ ਰਹਿੰਦਾ ਹੈ। ਆਖਿਰ ਸਾਰਾ-ਸਾਰਾ ਦਿਨ ਜੰਗਲ ਵਿੱਚ ਆਜ਼ਾਦ ਘੁੰਮਣ ਨਾਲ ਮਿਲਦਾ ਵੀ ਕੀ ਹੈ? ਉਹੀ ਕੱਚੇ-ਪੱਕੇ, ਸੜੇ-ਗਲੇ ਫਲ ਅਤੇ ਨਦੀ ਕਿਨਾਰੇ ਦਾ ਹਮੇਸ਼ਾਂ ਇਕੋ ਜਿਹਾ ਸਵਾਦ ਦੇਣ ਵਾਲਾ ਪਾਣੀ। ਇਸ ਹਰਿਅਲ ਨੂੰ ਵੇਖੋ। ਬੈਠੇ-ਬਿਠਾਏ ਵਧੀਆ ਭੋਜਨ ਮਿਲ ਜਾਂਦਾ ਹੈ, ਇਸ ਲਈ ਨਖਰੇ ਦਿਖਾ ਰਿਹਾ ਹੈ। ਖੈਰ ਮੈਨੂੰ ਇਸ ਨਾਲ ਕੀ? ਅਗਰ ਇਹ ਇਥੇ ਨਹੀਂ ਰਹਿਣਾ ਚਾਹੁੰਦਾ ਤਾਂ ਨਾ ਸਹੀ ਪਰ ਮੈਂ ਇਹ ਸੁਨਹਿਰੀ ਮੌਕਾ ਹੱਥੋਂ ਨਹੀਂ ਜਾਣ ਦੇਵਾਂਗਾ। ਉਸ ਦੇ ਪਿੰਜਰੇ ਤੋਂ ਬਾਹਰ ਆਉਂਦੇ ਹੀ ਮੈਂ ਉਸ ਦੀ ਜਗ੍ਹਾ ਜਾ ਬੈਠੂੰਗਾ।' ਇਹ ਸਭ ਸੋਚਦੇ ਹੋਏ ਉਸ ਨੇ ਹਰਿਅਲ ਵੱਲ ਨਜ਼ਰ ਘੁਮਾਈ ਅਤੇ ਬੋਲਿਆ- 'ਵੇਖ ਭਾਈ, ਹੁਣ ਇਹ ਰੋਣਾ-ਧੋਣਾ ਛੱਡ ਅਤੇ ਪਿੰਜਰੇ ਤੋਂ ਬਾਹਰ ਆਉਣ ਲਈ ਤਿਆਰ ਹੋ ਜਾ। ਮੈਂ ਤੇਰਾ ਮਿੱਤਰ ਹਾਂ। ਤੈਨੂੰ ਇਸ ਤਰ੍ਹਾਂ ਦੁੱਖੀ ਅਤੇ ਪ੍ਰੇਸ਼ਾਨ ਵੇਖ ਵੀ ਕਿਵੇਂ ਸਕਦਾ ਹਾਂ। ਕੁਝ-ਨ-ਕੁਝ ਤਾਂ ਕਰਨਾ ਹੀ ਪਏਗਾ। ਅੱਛਾ ਰੁਕ, ਮੈਂ ਜਰਾ

ਵੇਖ ਕੇ ਆਉਂਦਾ ਹਾਂ ਕਿ ਲਾਲੂ ਕਿਥੇ ਹਾਂ। ਅਗਰ ਉਹ ਆਸ-ਪਾਸ ਨਾ ਦਿਖਾਈ ਦਿਤਾ ਤਾਂ ਇਹੀ ਸਹੀ ਮੌਕਾ ਹੈ ਤੈਨੂੰ ਆਜ਼ਾਦ ਕਰਨ ਦਾ।'

ਐਨਾ ਕਹਿ ਕੇ ਉਹ ਦੂਰ-ਦੂਰ ਤਕ ਲਾਲੂ ਨੂੰ ਵੇਖ ਆਇਆ ਪਰ ਉਹ ਕਿਤੇ ਦਿਖਾਈ ਨਹੀਂ ਦਿੱਤਾ।' ਹੁਣ ਮੈਂ ਹਰਿਅਲ ਨੂੰ ਆਰਾਮ ਨਾਲ ਪਿੰਜਰੇ ਤੋਂ ਬਾਹਰ ਕਰਕੇ ਉਸਦੇ ਸਥਾਨ ਤੇ ਬੈਠ ਸਕਦਾ ਹਾਂ। ਸਾਡੀ ਇਕੋ ਜਿਹੀ ਸੂਰਤ ਹੋਣ ਦੇ ਕਾਰਣ ਲਾਲੂ ਜ਼ਾਣ ਵੀ ਨਹੀਂ ਸਕੇਗਾ ਕਿ ਹਰਿਅਲ ਉਡੱ ਗਿਆ।' ਅਜਿਹਾ ਸੋਚਦੇ ਹੋਏ ਉਸਦਾ ਮਨ ਖੁਸ਼ੀ ਨਾਲ ਉਛਲਣ ਲਗਾ ਅਤੇ ਉਹ ਤੇਜ਼ੀ ਨਾਲ ਉਡੱਦਾ ਹੋਇਆ ਹਰਿਅਲ ਦੇ ਪਾਸ ਜਾ ਪਹੁੰਚਾ ਅਤੇ ਪਿੰਜਰੇ ਦਾ ਦਰਵਾਜਾ ਖੋਲ੍ਹ ਦਿਤਾ। ਹਰਿਅਲ ਪਹਿਲੇ ਤੋਂ ਬਾਹਰ ਜਾਣ ਲਈ ਤਿਆਰ ਬੈਠਾ ਸੀ। ਜਿਉਂ ਹੀ ਉਹ ਪਿੰਜਰੇ ਤੋਂ ਨਿਕਲ ਕੇ ਉਡਣ ਲਈ ਤਿਆਰ ਹੋਇਆ ਫੌਰਨ ਜ਼ਮੀਨ ਤੇ ਜਾ ਡਿਗਾ। ਮਹੀਨਿਆਂ ਤਕ ਪਿੰਜਰੇ ਵਿੱਚ ਬੰਦ ਰਹਿਣ ਦੇ ਕਾਰਣ ਉਸ ਦੇ ਖੰਭਾਂ ਵਿੱਚ ਪਹਿਲਾਂ ਵਰਗੀ ਫੁਰਤੀ ਨਹੀਂ ਰਹਿ ਗਈ ਸੀ। ਇਸ ਤੋਂ ਪਹਿਲਾਂ ਕਿ ਉਹ ਫਿਰ ਤੋਂ ਉਡਣ ਦੀ ਕੋਸ਼ਿਸ਼ ਕਰਦਾ ਇਕ ਬਿੱਲੀ ਜੋ ਘਾਤ ਲਗਾਈ ਬੈਠੀ ਸੀ ਉਹਨੂੰ ਮੂੰਹ ਵਿੱਚ ਦਬਾਈ ਝਾੜੀਆਂ ਵਿਚ ਜਾ ਲੁਕੀ। ਇਹ ਸਭ ਕੁਝ ਐਨੀ ਛੇਤੀ ਵਿੱਚ ਹੋਇਆ ਕਿ ਧੁਨਿਆ ਕੁਝ ਵੀ ਸੋਚ ਨਾ ਸਕਿਆ ਅਤੇ ਅਵਾਕ ਬੈਠਾ ਦਾ ਬੈਠਾ ਰਹਿ ਗਿਆ।

ਹੁਣ ਤਕ ਉਹ ਬਿੱਲੀ ਦਾ ਭੋਜਨ ਬਣ ਚੁੱਕਾ ਹੋਏਗਾ। ਉਸ ਨੇ ਸੋਚਿਆ ਅਤੇ ਇਕ ਨਜ਼ਰ ਖੁਲ੍ਹੇ ਪਿੰਜਰੇ ਤੇ ਮਾਰੀ ਅਤੇ ਦਹਿਸ਼ਤ ਨਾਲ ਭਰ ਗਿਆ। ਐਨੀ ਦਰਦਨਾਕ ਘਟਨਾ ਨੂੰ ਆਪਣੀਆਂ ਅੱਖਾਂ ਨਾਲ ਵੇਖ ਲੈਣ ਦੇ ਬਾਅਦ ਉਹਨੂੰ ਹਰਿਅਲ ਦੀ ਗੱਲ ਦੀ ਸੱਚਾਈ ਸਮਝ ਵਿੱਚ ਆ ਗਈ ਕਿ ਅਜ਼ਾਦੀ ਤੋਂ ਵੱਧ ਕੇ ਜੀਵਨ ਵਿੱਚ ਕੁਝ ਨਹੀਂ, ਭਲੇ ਹੀ ਮਿਹਨਤ ਕਰਕੇ ਰੁਖਾ-ਸੁਖਾ ਖਾ ਕੇ ਹੀ ਜੀਵਨ ਜੀਣਾ ਪਏ। ਇਸ ਵਿਚਾਰ ਦੇ ਆਉਂਦੇ ਹੀ ਉਹ ਉਡਣ-ਛੂ ਹੋ ਗਿਆ।



ਹਾਸਾ ਖੇਡ

ਗਾਹਕ : ਸੇਬ ਕੀ ਭਾਅ ਹਨ?
ਫਲਵਾਲਾ : ਸੌ ਰੁਪਏ ਕਿਲੋ। ਖਰੀਦਣੇ ਹਨ ਕੀ?
ਗਾਹਕ : ਖ਼ਰੀਦਣੇ ਨਹੀਂ ਸਿਰਫ ਸੁੰਗਣੇ ਹਨ।

ਬੇਟਾ : ਪਾਪਾ, ਗੁਲਾਬ ਦਾ ਪੌਦਾ ਲਗਾਏ ਇਕ ਹਫ਼ਤਾ ਹੋ ਗਿਆ ਹੈ ਪਰ ਹੁਣ ਤਕ ਉਸ ਦੀਆਂ ਜੜ੍ਹਾਂ ਨਹੀਂ ਨਿਕਲੀਆਂ।
ਪਿਤਾ : ਲੇਕਿਨ ਬੇਟੇ, ਤੂੰ ਕਿਵੇਂ ਜਾਣਦਾ ਹੈ?
ਬੇਟਾ : ਕਿਉਂਕਿ ਮੈਂ ਰੋਜ਼ ਉਹਨੂੰ ਉਖਾੜ ਕੇ ਵੇਖਦਾ ਹਾਂ।

ਯਾਤਰੀ : (ਟਾਂਗੇਵਾਲੇ ਨੂੰ) ਸਟੇਸ਼ਨ ਤਕ ਦਾ ਕਿੰਨਾ ਕਿਰਾਇਆ ਲਉਗੇ?
ਟਾਂਗੇਵਾਲਾ : ਦਸ ਰੁਪਏ ਅਤੇ ਸਮਾਨ ਮੁਫ਼ਤ ਲੈ ਚਲੂੰਗਾ।
ਯਾਤਰੀ : ਅੱਛਾ ਤਾਂ ਸਾਮਾਨ ਹੀ ਲੈ ਚਲੋ। ਮੈਂ ਪੈਦਲ ਆਉਂਦਾ ਹਾਂ।

ਸੇਠ ਸਾਹਿਬ : (ਨੌਕਰ ਨੂੰ) ਸ਼ਾਮੂ ਜਰਾ ਇਹ ਬਿਜਲੀ ਦਾ ਤਾਰ ਫੜਨਾ।
ਨੌਕਰ: (ਝਟਕਾ ਲੱਗਣ ਦੇ ਬਾਦ) ਮਾਲਿਕ ਇਸ ਵਿੱਚ ਤਾਂ ਕਰੰਟ ਹੈ।
ਸੇਠ ਸਾਹਿਬ : ਠੀਕ ਹੈ ਸ਼ਾਮੂ ਮੈਂ ਇਹ ਹੀ ਪਤਾ ਕਰਨਾ ਸੀ।

– ਸਨੇਹਾ

ਇਕ ਗਵਾਂਢੀ : (ਦੂਸਰੇ ਗਵਾਂਢੀ ਨੂੰ) ਅੱਜ ਤੁਸੀਂ ਐਨੇ ਦੁਖੀ ਕਿਉਂ ਹੋ?
ਦੂਸਰਾ ਗਵਾਂਢੀ: ਅੱਜ ਸਾਡੇ ਕਿਰਾਏਦਾਰ ਦੀ ਸਾਈਕਲ ਚੋਰੀ ਹੋ ਗਈ।
ਪਹਿਲਾ ਗਵਾਂਢੀ: ਪਰ ਇਸ ਵਿੱਚ ਤੈਨੂੰ ਕੀ ਲੈਣਾ-ਦੇਣਾ?
ਦੂਸਰਾ ਗਵਾਂਢੀ : ਅਰੇ ਕਿਉਂ ਨਹੀਂ ਲੈਣਾ-ਦੇਣਾ? ਹੁਣ ਮੈਂ ਰਾਸ਼ਨ ਦੀ ਦੁਕਾਨ ਤੋਂ ਘਰ ਤਕ ਰਾਸ਼ਨ ਕਿਸ ਤੇ ਰੱਖ ਕੇ ਲਿਆਵਾਂਗਾ।

ਮਹਿਲਾ : (ਦੁਕਾਨਦਾਰ ਨੂੰ) ਸੂਤੀ ਸਾੜੀ ਦੇਣਾ।
ਦੁਕਾਨਦਾਰ : (ਨੌਕਰ ਨੂੰ) ਬਨਾਰਸੀ, ਸਾੜੀ ਦੇਣਾ।
ਮਹਿਲਾ : ਭਾਈ ਸਾਹਿਬ, ਬਨਾਰਸੀ ਨਹੀਂ ਸੂਤੀ ਸਾੜੀ ਚਾਹੀਦੀ ਹੈ।
ਦੁਕਾਨਦਾਰ : ਮੈਡਮ, ਸੂਤੀ ਸਾੜੀ ਹੀ ਦੇਵਾਂਗਾ। ਬਨਾਰਸੀ ਤਾਂ ਨੌਕਰ ਦਾ ਨਾਮ ਹੈ।

– ਨਰੇਸ਼ ਕੁਮਾਰ

ਬਸ ਕੰਡਕਟਰ : ਕੇਵਲ 12 ਸਾਲ ਤੋਂ ਘੱਟ ਉਮਰ ਦੇ ਬੱਚੇ ਹੀ ਅੱਧੀ ਟਿਕਟ ਤੇ ਯਾਤਰਾ ਕਰ ਸਕਦੇ ਹਨ।

ਇਕ ਲੜਕਾ : ਮੈਂ 11 ਸਾਲ, 11 ਮਹੀਨੇ ਅਤੇ 29 ਦਿਨ ਦਾ ਹਾਂ।

ਬਸ ਕੰਡਕਟਰ : ਤੇਰਾ 12ਵਾਂ ਸਾਲ ਕਦ ਪੂਰਾ ਹੋਏਗਾ?

ਲੜਕਾ : ਜਦ ਮੈਂ ਬਸ ਤੋਂ ਉਤਰ ਜਾਊਂਗਾ ਤਦ।

ਬਸ ਕੰਡਕਟਰ : (ਯਾਤਰੀ ਨੂੰ) ਐਨੀ ਜਗ੍ਹਾ ਪਈ ਹੈ, ਆਪ ਬੈਠ ਕਿਉਂ ਨਹੀਂ ਜਾਂਦੇ?

ਯਾਤਰੀ : ਮੈਂ ਇਥੇ ਬੈਠਣ ਨਹੀਂ ਆਇਆ ਹਾਂ, ਮੈਂ ਘਰ ਜਲਦੀ ਪਹੁੰਚਣਾ ਹੈ।

ਇਕ ਮਕਾਨ ਮਾਲਿਕ ਦਾ ਕੁੱਤਾ ਮਰ ਗਿਆ। ਮਾਲਕਿਨ ਬਹੁਤ ਜ਼ੋਰ-ਜ਼ੋਰ ਨਾਲ ਰੋ ਰਹੀ ਸੀ। ਨਾਲ ਬੈਠੀ ਨੌਕਰਾਨੀ ਵੀ ਮਾਲਕਿਨ ਤੋਂ ਜ਼ਿਆਦਾ ਵਿਲਾਪ ਕਰ ਰਹੀ ਸੀ। ਮਾਲਕਿਨ ਨੇ ਚੁਪ ਹੋ ਕੇ ਨੌਕਰਾਨੀ ਤੋਂ ਪੁੱਛਿਆ – ਕੁੱਤਾ ਮੇਰਾ ਮਰਿਆ ਹੈ ਲੇਕਿਨ ਤੂੰ ਤਾਂ ਮੇਰੇ ਤੋਂ ਵੀ ਜ਼ਿਆਦਾ ਰੋ ਰਹੀ ਹੈਂ, ਅਜਿਹਾ ਕਿਉਂ?

ਕਿਉਂਕਿ ਹੁਣ ਸਾਰੇ ਬਰਤਨ ਮੈਨੂੰ ਇੱਕਲੇ ਹੀ ਸਾਫ਼ ਕਰਨੇ ਪੈਣਗੇ।

– ਨੌਕਰਾਨੀ ਨੇ ਜਵਾਬ ਦਿਤਾ।

– ਸੁਸ਼ਾਂਤ ਸਾਗਰ

ਇਕ ਸਾਈਕਲ ਵਾਲਾ ਸਾਇਕਲ ਤੇ ਜਾ ਰਿਹਾ ਸੀ ਕਿ ਅਚਾਨਕ ਉਸ ਦੀ ਟੱਕਰ ਨਿਖਿਲ ਨਾਲ ਹੋ ਗਈ।

ਨਿਖਿਲ : ਅਰੇ ਭਾਈ! ਘੰਟੀ ਦੇ ਕੇ ਸਾਈਕਲ ਚਲਾਇਆ ਕਰੋ।

ਸਾਈਕਲ ਵਾਲਾ : ਅਰੇ ਵਾਹ! ਅਗਰ ਘੰਟੀ ਤੈਨੂੰ ਦੇਵਾਂਗਾ ਤਾਂ ਵਜਾਊਂਗਾ ਕੀ?

ਰਾਜੂ : ਰਮੇਸ਼ ਕੀ ਤੇਰਾ ਦੰਦ ਹੁਣ ਤਕ ਦਰਦ ਕਰ ਰਿਹਾ ਹੈ?

ਰਮੇਸ਼ : ਪਤਾ ਨਹੀਂ ਉਹ ਤਾਂ ਡਾਕਟਰ ਦੇ ਕੋਲ ਹੈ

ਸੋਹਣ : (ਮੋਹਨ ਨੂੰ) ਯਾਰ, ਮੈਨੂੰ ਕੱਲ ਤਕ ਵੀਹ ਰੁਪਏ ਉਧਾਰ ਦੇ ਦਿਉ।

ਮੋਹਨ : ਨਹੀਂ, ਮੈਂ ਰੁਪਏ ਉਧਾਰ ਨਹੀਂ ਦਿੰਦਾ ਹਾਂ।

ਸੋਹਨ : ਤਾਂ ਫਿਰ ਨਗਦ ਹੀ ਦੇ ਦੇ।

– ਸੰਜੈ ਬਿਲਦਾਨੀ

❑ ਬਲਵਿੰਦਰ 'ਬਾਲਮ'

ਕਿਸ ਨੂੰ ਦੇਵਾਂ ਸਾਲ ਮੁਬਾਰਕ

ਰੰਦਲੇ ਮੌਸਮ ਨਾਲ ਮੁਬਾਰਕ।
ਕਿਸ ਨੂੰ ਦੇਵਾਂ ਸਾਲ ਮੁਬਾਰਕ।

ਫੁੱਲਾਂ ਲੱਧੀ ਮੁਰਝਾਈ ਦੀ।
ਤੂਫ਼ਾਨਾਂ ਤੋਂ ਘਬਰਾਈ ਦੀ।
ਟੁੱਟੀ ਹੋਈ ਡਾਲ ਮੁਬਾਰਕ।
ਕਿਸ ਨੂੰ ਦੇਵਾਂ ਸਾਲ ਮੁਬਾਰਕ?

ਵਿੱਚ ਗਰੀਬੀ ਪੜ੍ਹਿਆ ਨਹੀਂ ਉਹ।
ਅਪਣੇ ਪੈਰੀਂ ਖੜਿਆ ਨਹੀਂ ਉਹ।
ਰੋੜੀ ਕੁੱਟਦਾ ਬਾਲ ਮੁਬਾਰਕ।
ਕਿਸ ਨੂੰ ਦੇਵਾਂ ਸਾਲ ਮੁਬਾਰਕ?

ਰਿਸ਼ਵਤਖੋਰੀ ਬੇਰੁਜ਼ਗਾਰੀ।
ਮਹਿੰਗਾਈ ਤੇ ਕਰਜ਼ੇਦਾਰੀ।
ਦਹਿਸ਼ਤ ਦਾ ਭੂਚਾਲ ਮੁਬਾਰਕ।
ਕਿਸ ਨੂੰ ਦੇਵਾਂ ਸਾਲ ਮੁਬਾਰਕ?

ਪਾਣੀ, ਗਰਮੀ, ਖਾਦ ਮਿਲੇ।
ਟਹਿਣੀ-ਟਹਿਣੀ ਫੁੱਲ ਖਿਲੇ।
ਮਾਲੀ ਗੁਲਸ਼ਨ ਪਾਲ ਮੁਬਾਰਕ।
ਕਿਸ ਨੂੰ ਦੇਵਾਂ ਸਾਲ ਮੁਬਾਰਕ?

ਚੁੱਲਾ ਰੋਟੀ ਦਾਲ ਰਸੋਈ।
ਹਰ ਇਕ ਸ਼ੈਅ ਹੀ ਮਹਿੰਗੀ ਹੋਈ।
ਗਿੱਲੀਆਂ ਲੱਕੜਾਂ ਬਾਲ ਮੁਬਾਰਕ।
ਕਿਸ ਨੂੰ ਦੇਵਾਂ ਸਾਲ ਮੁਬਾਰਕ?

ਯਾਰੋ ਜਾਗੋ ਉਠ ਖਲੋਵੋ।
ਰੰਦੇ ਦਾਗ ਵੀ ਹੱਥੀਂ ਧੋਵੋ।
ਫਿਰ ਦੇਵੋ ਹਰ ਹਾਲ ਮੁਬਾਰਕ।
ਕਿਸ ਨੂੰ ਦੇਵਾਂ ਸਾਲ ਮੁਬਾਰਕ।

'ਬਾਲਮ' ਸੂਰਜ ਫਿਰ ਚੜ੍ਹ ਆਇਆ।
ਨਵੀਆਂ ਕਿਰਣਾਂ ਨਾਲ ਸਜਾਇਆ।
ਖੁਸ਼ੀਆਂ ਵਾਲਾ ਥਾਲ ਮੁਬਾਰਕ।

ਪੇਸ਼ਕਸ਼ : ਵਿਕਾਸ ਅਰੋੜਾ

ਸਾਧਾਰਣ ਗਿਆਨ ਪ੍ਰਸ਼ਨੋਤਰੀ?

(ਸਭ ਸਵਾਲਾਂ ਦੇ ਜੁਆਬ 'ਮ' ਅੱਖਰ ਤੇ ਖਤਮ ਹੁੰਦੇ ਹਨ। ਪੈਨ ਜਾਂ ਪੈਂਸਿਲ ਉਠਾਉ ਅਤੇ ਪ੍ਰਸ਼ਨਚਿੰਨ ਦੇ ਬਾਅਦ ਉਤੱਰ ਲਿਖਦੇ ਜਾਉ।)

ਪ੍ਰਸ਼ਨ:1) ਰਾਜਾ ਜਨਕ ਦੇ ਸਭ ਤੋਂ ਵੱਡੇ ਦਾਮਾਦ ਕੌਣ ਸਨ?

ਪ੍ਰਸ਼ਨ:2) ਹਿਡਿੰਬਾ ਦਾ ਪਤੀ ਕੌਣ ਸੀ?

ਪ੍ਰਸ਼ਨ:3) ਸਭ ਤੋਂ ਘੱਟ ਆਬਾਦੀ ਵਾਲਾ ਭਾਰਤੀ ਰਾਜ ਕਿਹੜਾ ਹੈ?

ਪ੍ਰਸ਼ਨ:4) ਕੇਰਲ ਵਿਚ ਬੋਲੀ ਜਾਣ ਵਾਲੀ ਮੁੱਖ ਭਾਸ਼ਾ ਕਿਹੜੀ ਹੈ?

ਪ੍ਰਸ਼ਨ:5) ਭਾਰਤ ਦਾ 'ਮਿਸਾਇਲ ਪੁਰਸ਼' ਕਿਸ ਨੂੰ ਕਿਹਾ ਜਾਂਦਾ ਹੈ?

ਪ੍ਰਸ਼ਨ:6) ਕਿਸ ਰਿਸ਼ੀ ਨੇ ਆਪਣੀ ਪਤਨੀ ਅਹੱਲਿਆ ਨੂੰ ਪੱਥਰ ਦਾ ਬਣ ਜਾਣ ਦਾ ਸ਼ਰਾਪ ਦਿੱਤਾ ਸੀ?

ਪ੍ਰਸ਼ਨ:7) ਡਿਗਬੋਈ ਤੇਲ ਖੇਤਰ ਕਿਸ ਰਾਜ ਵਿਚ ਸਥਿਤ ਹੈ?

ਪ੍ਰਸ਼ਨ:8) ਇਟਲੀ ਦੀ ਰਾਜਧਾਨੀ ਕਿਹੜੀ ਹੈ?

ਪ੍ਰਸ਼ਨ:9) ਸੰਗਿਆ ਦੇ ਸਥਾਨ ਤੇ ਜਿਸ ਸ਼ਬਦ ਦਾ ਪ੍ਰਯੋਗ ਹੁੰਦਾ ਹੈ ਉਸ ਨੂੰ ਕੀ ਕਹਿੰਦੇ ਹਨ?

ਪ੍ਰਸ਼ਨ:10) ਭਾਰਤ ਦਾ ਰਾਸ਼ਟਰੀ ਗੀਤ ਕਿਹੜਾ ਹੈ?

ਪ੍ਰਸ਼ਨ:11) ਸਭ ਤੋਂ ਭਾਰੀ ਧਾਤੂ ਕਿਹੜੀ ਹੈ?

ਪ੍ਰਸ਼ਨ:12) ਕਿਸ ਰਿਸ਼ੀ ਨੇ ਗਣੇਸ਼ ਜੀ ਦਾ ਇਕ ਦੰਦ ਤੋੜਿਆ ਸੀ?

ਪ੍ਰਸ਼ਨ:13) ਸਿਕੰਦਰ ਅਤੇ ਪੋਰਸ ਦਾ ਯੁੱਧ ਕਿਸ ਨਦੀ ਦੇ ਕਿਨਾਰੇ ਲੜਿਆ ਗਿਆ ਸੀ?

ਪ੍ਰਸ਼ਨ:14) ਮਹਾਤਮਾ ਗਾਂਧੀ ਨੇ ਮਰਨ ਤੋਂ ਪਹਿਲਾਂ ਕਿਹੜੇ ਸ਼ਬਦ ਕਹੇ ਸਨ?

ਪ੍ਰਸ਼ਨ:15) ਗਾਇਤ੍ਰੀ ਮੰਤਰ ਦੀ ਸ਼ੁਰੂਆਤ ਕਿਸ ਸ਼ਬਦ ਤੋਂ ਹੁੰਦੀ ਹੈ?

(ਸਹੀ ਉਤੱਰ ਕਿਸੇ ਹੋਰ ਪੰਨੇ ਤੇ ਵੇਖੋ)

ਕਿੱਟੀ

ਚਿੱਤਰਕਾਰ ਅਤੇ ਲੇਖਕ - ਅਜੈ ਕਾਲੜਾ

ਬੇਟਾ ਹੁਣ ਤਾਂ ਮੈਂ ਮੈਗੀ ਬਣਾ ਦਿੱਤੀ ਹੈ। ਪਰ ਇਹ ਸਿਹਤ ਲਈ ਚੰਗੀ ਨਹੀਂ ਹੈ।
ਮੰਮੀ, ਮੈਨੂੰ ਕੁਝ ਨਹੀਂ ਹੋਏਗਾ।
ਕਿੱਟੀ, ਤੂੰ ਆਪਣਾ ਟਿਫਨ ਕਿਉਂ ਨਹੀਂ ਖਾ ਰਹੀ?
ਮੈਨੂੰ ਘਰ ਦਾ ਖਾਣਾ ਚੰਗਾ ਨਹੀਂ ਲੱਗਦਾ ਮੈਂ ਤਾਂ ਬਰਗਰ ਖਾਊਂਗੀ?
ਕਿੱਟੀ, ਸਾਨੂੰ ਘਰ ਦਾ ਖਾਣਾ ਹੀ ਖਾਣਾ ਚਾਹੀਦਾ ਹੈ।
ਮੋਟੂ ਬਰਗਰ ਬਹੁਤ ਸਵਾਦੀ ਹੈ। ਤੁਹਾਨੂੰ ਸਾਰਿਆਂ ਨੂੰ ਬਰਗਰ ਖਾਣਾ ਚਾਹੀਦਾ ਹੈ।

ਕਿੱਟੀ, ਹੁਣ ਤੂੰ ਮੋਮੋਜ਼ ਖਾ ਰਹੀ ਹੈ? ਤੂੰ ਲੰਚ ਵਿੱਚ ਵੀ ਬਰਗਰ ਖਾਧਾ ਸੀ।
ਚਿੰਟੂ ਤੂੰ ਨਹੀਂ ਖਾਣਾ ਤਾਂ ਨਾ ਖਾ। ਮੈਨੂੰ ਤਾਂ ਖਾਣ ਦੇ।
ਕਿੱਟੀ ਇਹ ਲਉ ਖਾਣਾ ਖਾ ਲਉ।
ਛੀ ਪਾਲਕ, ਮੈਂ ਖਾਣਾ ਨਹੀਂ ਖਾਣਾ।
ਕਿੱਟੀ, ਅਜਿਹਾ ਨਹੀਂ ਬੋਲਦੇ। ਪਾਲਕ ਤਾਂ ਚੰਗੀ ਹੁੰਦੀ ਹੈ।
ਕਿੱਟੀ, ਮੈਂ ਤਾਂ ਤੇਰੇ ਲਈ ਦੁੱਧ ਲਿਆਈ ਸੀ। ਤੂੰ ਚਾਕਲੇਟ ਖਾ ਰਹੀ ਹੈ।
ਨਹੀਂ ਮੰਮੀ, ਚਾਕਲੇਟ ਮੇਰੀ ਫੇਵਰਟ ਹੈ। ਮੈਂ ਇਹੀ ਖਾਊਂਗੀ।

ਆਹ! ਮੰਮੀ, ਮੇਰੇ ਦੰਦ ਵਿੱਚ ਦਰਦ ਹੋ ਰਿਹਾ ਹੈ।
ਆਹ! ਮੇਰੇ ਪੇਟ ਵਿੱਚ ਵੀ ਦਰਦ ਹੋ ਰਿਹਾ ਹੈ।
ਕਿੱਟੀ, ਮੈਂ ਤੈਨੂੰ ਮਨ੍ਹਾ ਕੀਤਾ ਸੀ ਨਾ ਚਾਕਲੇਟ ਅਤੇ ਮੈਗੀ ਖਾਣ ਤੋਂ। ਹੁਣ ਹੋ ਗਿਆ ਨਾ ਦਰਦ। ਮੈਂ ਡਾਕਟਰ ਨੂੰ ਬੁਲਾਉਂਦੀ ਹਾਂ।
ਕਿੱਟੀ, ਤੂੰ ਕੱਲ ਕੀ ਖਾਧਾ ਸੀ?
ਡਾਕਟਰ ਸਾਹਿਬ, ਇਹ ਘਰ ਦਾ ਖਾਣਾ ਨਹੀਂ ਖਾਂਦੀ। ਬਾਹਰ ਦੀਆਂ ਚੀਜ਼ਾਂ ਜ਼ਿਆਦਾ ਖਾਂਦੀ ਹੈ।
ਮੈਂ ਤਾਂ ਚਾਕਲੇਟ, ਬਰਗਰ ਅਤੇ ਮੋਮੋਜ਼ ਖਾਧੇ ਸਨ।
ਕਿੱਟੀ, ਐਨਾ ਜੰਕ-ਫੂਡ ਨਹੀਂ ਖਾਣਾ ਚਾਹੀਦਾ। ਇਹ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਹੁਣ ਮੈਂ ਤੈਨੂੰ ਇੰਜੈਕਸ਼ਨ ਲਗਾਊਂਗਾ।
ਡਾਕਟਰ ਅੰਕਲ, ਮੈਨੂੰ ਇੰਜੈਕਸ਼ਨ ਨਾ ਲਗਾਉਣਾ ਹੁਣ ਮੈਂ ਜੰਕ-ਫੂਡ ਅਤੇ ਚਾਕਲੇਟ ਨਹੀਂ ਖਾਊਂਗੀ। ਹਰੀ ਸਬੂਜ਼ੀਆਂ ਅਤੇ ਘਰ ਦਾ ਖਾਣਾ ਹੀ ਖਾਊਂਗੀ।

ਕਹਾਣੀ : ਕਮਲ ਸੋਗਾਨੀ

ਮੂਰਤੀ ਤੋਂ ਪ੍ਰੇਰਣਾ

ਇਕ ਸੀ ਰਾਜਾ। ਉਹਨੂੰ ਤਰ੍ਹਾਂ-ਤਰ੍ਹਾਂ ਦੀਆਂ ਮੂਰਤੀਆਂ ਦਾ ਨਿਰਮਾਣ ਕਰਵਾਉਣ ਦਾ ਬੜਾ ਸ਼ੌਂਕ ਸੀ। ਉਸ ਦੇ ਇਕ ਵਿਸ਼ਾਲ ਸ਼ਾਹੀ ਮਹੱਲ ਵਿੱਚ ਵਿਸ਼ਵ ਦੇ ਮੂਰਤੀਕਾਰਾਂ ਦੁਆਰਾ ਬਣਾਈਆਂ ਕਈ ਮੂਰਤੀਆਂ ਦਾ ਸੰਗ੍ਰਹਿ ਵੀ ਸੀ।

ਇਕ ਦਿਨ ਰਾਜਾ ਨੇ ਆਪਣੇ ਮੁਖ ਮੰਤਰੀ ਨੂੰ ਕਿਹਾ - ਸਾਡੇ ਕੋਲ ਕਈ ਤਰ੍ਹਾਂ ਦੀਆਂ ਮੂਰਤੀਆਂ ਹਨ। ਲੇਕਿਨ ਹੁਣ ਅਸੀਂ ਚਾਹੁੰਦੇ ਹਾਂ ਕਿ ਕੋਈ ਮੂਰਤੀਕਾਰ ਅਜਿਹੀ ਮੂਰਤੀ ਦਾ ਨਿਰਮਾਣ ਕਰੇ, ਜੋ ਵੇਖਣ ਵਾਲਿਆਂ ਨੂੰ ਕੁਝ ਪ੍ਰੇਰਣਾ ਵੀ ਦਏ।

ਮੁਖ ਮੰਤਰੀ ਨੇ ਕਿਹਾ- ਠੀਕ ਹੈ, ਕੱਲ ਹੀ ਮੈਂ ਰਾਜਧਾਨੀ ਵਿੱਚ ਇਹ ਐਲਾਨ ਕਰਵਾ ਦਿੰਦਾ ਹਾਂ ਕਿ ਜੋ ਮੂਰਤੀਕਾਰ ਪ੍ਰੇਰਣਾਦਾਇਕ ਮੂਰਤੀ ਬਣਾਏਗਾ, ਉਹਨੂੰ ਇਕ ਹਜ਼ਾਰ ਸੋਨੇ ਦੀਆਂ ਮੁਦਰਾਵਾਂ ਇਨਾਮ ਵਿੱਚ ਮਿਲਣਗੀਆਂ।

ਪ੍ਰੇਰਣਾਭਰਪੂਰ ਮੂਰਤੀ ਦੇ ਨਿਰਮਾਣ ਤੇ ਐਨਾ ਵੱਡਾ ਇਨਾਮ ਵੇਖ ਕੇ ਕਈ ਮੂਰਤੀਕਾਰਾਂ ਨੇ ਸੋਚਿਆ - ਆਖਿਰ ਉਹ ਕਿਹੜੀ ਮੂਰਤੀ ਬਣਾਈ ਜਾਏ, ਜਿਸ ਤੇ ਇਨਾਮ ਮਿਲ ਸਕੇ।

ਫਿਰ ਇਕ ਨਿਸ਼ਚਿਤ ਦਿਨ, ਇਕ ਵਿਸ਼ਾਲ ਮੈਦਾਨ ਵਿੱਚ ਇਕ ਦਰਜਨ ਤੋਂ ਵੱਧ ਮੂਰਤੀਕਾਰ ਇੱਕਠੇ ਹੋਏ। ਸਾਰੇ ਆਪਣੀ-ਆਪਣੀ ਕਲਪਨਾ ਨਾਲ ਮੂਰਤੀਆਂ ਦਾ ਨਿਰਮਾਣ ਕਰਨ ਲੱਗੇ ਲੇਕਿਨ ਉਹਨਾਂ ਤੋਂ ਕੋਈ ਪ੍ਰੇਰਣਾਭਰਪੂਰ ਗੱਲ ਨਹੀਂ ਝਲਕ ਰਹੀ ਸੀ।

ਅੰਤ ਵਿੱਚ ਦੋਵੇਂ ਬਾਰਹਵੇਂ ਨੰਬਰ ਦੀ ਮੂਰਤੀ ਕੋਲ ਪਹੁੰਚੇ। ਉਸ ਮੂਰਤੀ ਦੇ ਸਿਰ ਦੇ ਅਗਲੇ ਹਿੱਸੇ ਤੇ ਵੱਡੇ-ਵੱਡੇ ਵਾਲ ਲਟਕ ਰਹੇ ਸਨ। ਲੇਕਿਨ ਪਿਛਲੇ ਹਿੱਸੇ ਤੋਂ ਉਹ ਐਨੀ ਗੰਜੀ ਬਣੀ ਸੀ ਕਿ ਉਂਗਲੀਆਂ ਫਿਸਲ ਜਾਂਦੀਆਂ। ਸਿਰ ਦੀ ਇਸ ਅਨੋਖੀ ਬਨਾਵਟ ਨੇ ਮੂਰਤੀ ਦੀ ਖੂਬਸੂਰਤੀ ਵਿੱਚ ਇਕ ਤਰ੍ਹਾਂ ਨਾਲ ਘਾਟ ਪੈਦਾ ਕਰ ਦਿੱਤੀ ਸੀ।

ਮੂਰਤੀ ਨੂੰ ਵੇਖ ਕੇ ਆਸਪਾਸ ਖੜੇ ਦਰਬਾਰੀ ਇਕ-ਦੂਸਰੇ ਨਾਲ ਚਰਚਾ ਕਰਦੇ ਹੋਏ ਕਹਿ ਰਹੇ ਸਨ - ਮੂਰਤੀਕਾਰ ਨੇ ਆਪਣੀ ਬੁੱਧੀਮਾਨੀ ਨਾਲ ਹੀ ਇਸਦੀ ਖੂਬਸੂਰਤੀ ਨੂੰ ਘੱਟ ਕੀਤਾ ਹੈ।

ਅੰਤ ਵਿੱਚ ਜਦ ਰਾਜਾ ਤੋਂ ਰਿਹਾ ਨਾ ਗਿਆ ਤਾਂ ਉਸ ਨੇ ਮੂਰਤੀ ਦੀ ਇਸ ਅਜੀਬ ਬਨਾਵਟ ਦਾ ਕਾਰਣ ਉਸ ਮੂਰਤੀਕਾਰ ਤੋਂ ਜਾਣਨਾ ਚਾਹਿਆ।

ਮੂਰਤੀਕਾਰ ਬੋਲਿਆ – ਮਹਾਰਾਜ! ਇਹ ਸਮੇਂ ਦੀ ਮੂਰਤੀ ਹੈ।

ਰਾਜਾ ਨੇ ਹੈਰਾਨ ਹੋ ਕੇ ਪੁੱਛਿਆ– ਭਲਾ, ਇਹ ਸਮੇਂ ਦੀ ਮੂਰਤੀ ਕਿਵੇਂ ਹੈ?

– ਹਾਂ, ਮਹਾਰਾਜ! ਸਮੇਂ ਦੀ। –ਮੂਰਤੀਕਾਰ ਨੇ ਕਿਹਾ– ਆਪ ਇਹਨੂੰ ਅਗੋਂ ਫੜਨਾ ਚਾਹੋ ਤਾਂ ਆਸਾਨੀ ਨਾਲ ਫੜ ਸਕਦੇ ਹੋ। ਅਗਰ ਪਿਛੋਂ ਫੜਨ ਦਾ ਯਤਨ ਕਰੋਗੇ ਤਾਂ ਇਹਨੂੰ ਕਦੇ ਨਹੀਂ ਫੜ ਸਕੋਗੇ।

ਰਾਜਾ ਨੇ ਮੁਖਮੰਤਰੀ ਵੱਲ ਵੇਖਦੇ ਹੋਏ ਕਿਹਾ – 'ਮੈਂ ਸਮਝਿਆ ਨਹੀਂ, ਆਖਿਰ ਇਹ ਮੂਰਤੀਕਾਰ ਕਹਿਣਾ ਕੀ ਚਾਹੁੰਦਾ ਹੈ?'

ਹੁਣ ਮੂਰਤੀਕਾਰ ਨੇ ਸਮਝਾਉਂਦੇ ਹੋਏ ਕਿਹਾ– ਠੀਕ ਇਹੀ ਹਾਲਤ ਸਮੇਂ ਦੀ ਹੈ। ਇਸ ਮੂਰਤੀ ਦੀ ਤਰ੍ਹਾਂ, ਸਮੇਂ ਨੂੰ ਵੀ ਅਗੋਂ ਤੋਂ ਹੀ ਰੋਕਿਆ ਜਾ ਸਕਦਾ ਹੈ। ਸਮਾਂ ਗੁਜਰ ਜਾਣ ਦੇ ਬਾਦ ਅਗਰ ਕੋਈ ਮੌਕਾ ਤਲਾਸ਼ਨਾ ਚਾਹੇ ਤਾਂ ਉਹਨੂੰ ਮੂੰਹ ਦੀ ਹੀ ਖਾਣੀ ਪੈਂਦੀ ਹੈ।

ਇਹ ਸੁਣ ਕੇ ਰਾਜਾ ਨੂੰ ਗਿਆਨ ਹੋਇਆ। 'ਦਰਅਸਲ ਇਹ ਸੱਚੀ ਪ੍ਰੇਰਣਾਭਰਪੂਰ ਆਧੁਨਿਕ ਮੂਰਤੀ ਹੈ।'

ਫਿਰ ਰਾਜਾ ਨੇ ਮੂਰਤੀਕਾਰ ਨੂੰ ਗਲੇ ਲਗਾਉਂਦੇ ਹੋਏ ਕਿਹਾ– ਜਿਹੋ ਜਿਹੀ ਮੂਰਤੀ ਮੈਂ ਚਾਹ ਰਿਹਾ ਸੀ, ਉਹੋ ਜਿਹੀ ਹੀ ਮੂਰਤੀ ਬਣਾ ਕੇ ਤੂੰ ਮੇਰੀ ਹਕੀਕਤ ਵਿੱਚ ਸੱਚਾਈ ਦਾ ਰੰਗ ਭਰਿਆ ਹੈ, ਤੂੰ ਪੁਰਸਕਾਰ ਦੇ ਕਾਬਿਲ ਹੈ।

ਰਾਜਾ ਨੇ ਵਾਇਦੇ ਦੇ ਮੁਤਾਬਿਕ ਮੂਰਤੀਕਾਰ ਨੂੰ ਇਕ ਹਜ਼ਾਰ ਸੋਨੇ ਦੀਆਂ ਮੁਦਰਾਵਾਂ ਦਾ ਪੁਰਸਕਾਰ ਦਿਤਾ ਅਤੇ ਉਸ ਮੂਰਤੀ ਨੂੰ ਆਪਣੀ ਸ਼ਾਹੀ ਬੈਠਕ ਦੇ ਸਾਹਮਣੇ ਸਥਾਪਿਤ ਕਰਵਾਇਆ ਤਾਂਕਿ ਦਰਸ਼ਕਾਂ ਨੂੰ ਮੂਰਤੀ ਤੋਂ ਸਦਾ ਨਸੀਹਤ ਮਿਲਦੀ ਰਹੇ।

❑ ਮੋਤੀ ਵਿਮਲ

ਗਣਤੰਤਰ ਦਿਵਸ

ਜੀਵਨ ਦਾ ਹੋਵੇ ਇ[illegible]ਤ,
ਕਾਇਮ ਰਹੇ ਸਾ[illegible]ਰ।

ਗਣਤੰਤਰ ਦਿਵਸ ਨੂੰ ਪਹਿਚਾਣੋ,
ਸਾਰੇ ਇਸ ਦੀ ਮਹੱਤਤਾ ਜਾਣੋ।
ਯਾਦ ਕਰੋ ਕੁਰਬਾਨੀ ਨੂੰ,
ਦੇਸ਼ ਲਈ ਮਿਟੀ ਜਵਾਨੀ ਨੂੰ।
ਅਮਰ ਰਹੇ ਸਦਾ ਇਹ ਗਣਤੰਤਰ.....

ਹਰ ਸਾਲ ਮਨਾਉ ਐਸੇ ਪਰਵ,
ਇਸ ਤੇ ਸਾਰੇ ਕਰੋ ਗਰਵ।
ਘਰ-ਘਰ ਹਰ ਬੱਚਾ ਹਰਸ਼ਾਏ,
ਖੁਸ਼ ਹੋ ਕੇ ਇਹ ਪਰਵ ਮਨਾਏ।
ਤਾਂ ਹੀ ਸਫਲ ਹੋਵੇ ਜਨਤੰਤਰ.....

ਰਾਸ਼ਟਰੀ ਝੰਡੇ ਨੂੰ ਫਹਿਰਾਉ,
ਨੀਲੇ ਅੰਬਰ ਵਿਚ ਲਹਿਰਾਓ।
ਕਰੋ ਸਲਾਮ ਸ਼ਹੀਦਾਂ ਨੂੰ,
ਰਖੋ ਦੂਰ ਵਿਵਾਦਾਂ ਨੂੰ।
ਸੱਚਾ ਹੋਵੇਗਾ ਲੋਕਤੰਤਰ.....

ਰਲਮਿਲ ਕੇ ਕੰਮ ਕਾਰ ਕਰੋ,
ਆਜਾਦੀ ਲਈ ਤਿਆਗ ਕਰੋ।
ਸ਼ਾਂਝੀਵਾਲਤਾ ਸਭ ਅਪਨਾਉ,
ਜ਼ਿੰਮੇਵਾਰੀ ਸਭ ਨਿਭਾਉ।
ਰਾਮ ਰਾਜ ਹੋਏ ਪਰਜਾਤੰਤਰ.....

ਕੀ ਤੁਸੀਂ ਜਾਣਦੇ ਹੋ ?

- ਪ੍ਰਿਥਵੀ ਉਤੇ ਹੁਣ ਤਕ ਪਾਇਆ ਜਾਣ ਵਾਲਾ ਸਭ ਤੋਂ ਵੱਡਾ ਜਾਨਵਰ ਹੈ – ਨੀਲੀ ਵਹੇਲ। ਇਸਦਾ ਭਾਰ ਲਗਭਗ 150 ਟਨ ਹੁੰਦਾ ਹੈ। ਇਹ ਐਨੀ ਲੰਮੀ ਹੁੰਦੀ ਹੈ ਕਿ ਇਸ ਦੀ ਪਿੱਠ ਦੇ ਉਤੇ ਇਕ ਕਤਾਰ ਵਿਚ ਹਾਥੀ ਖੜੇ ਹੋ ਸਕਦੇ ਹਨ। ਇਸ ਦੀ ਲੰਬਾਈ 30 ਮੀਟਰ ਤਕ ਹੋ ਸਕਦੀ ਹੈ।
- ਵਹੇਲ ਸ਼ਾਰਕ ਵਿਸ਼ਵ ਦੀ ਸਭ ਤੋਂ ਵੱਡੀ ਮੱਛੀ ਹੈ। ਇਸ ਦੀ ਲੰਬਾਈ 15 ਮੀਟਰ ਅਤੇ ਭਾਰ ਲਗਭਗ 40 ਟਨ ਹੁੰਦਾ ਹੈ।
- ਸ਼ਤੁਰਮੁਰਗ ਵਿਸ਼ਵ ਦਾ ਸਭ ਤੋਂ ਲੰਬਾ ਅਤੇ ਭਾਰੀ ਪੰਛੀ ਹੈ। ਇਸ ਦੀ ਲੰਬਾਈ 2.5 ਮੀਟਰ ਤਕ ਹੁੰਦੀ ਹੈ।
- ਰੇਟਿਕੁਲੇਟਿਨ ਪਾਯਥਨ 10 ਮੀਟਰ ਲੰਬਾ ਹੁੰਦਾ ਹੈ।
- ਗਿਰਗਿਟ ਦੀਆਂ ਅੱਖਾਂ ਇਕ ਦੂਸਰੇ ਤੋਂ ਸਵਤੰਤਰ ਰਹਿ ਕੇ ਵੱਖ-ਵੱਖ ਦਿਸ਼ਾ ਵਿਚ ਵੇਖ ਸਕਦੀਆਂ ਹਨ।
- ਪੈਦਾ ਹੋਣ ਵੇਲੇ ਘੜਿਆਲ ਉਸ ਅੰਡੇ ਤੋਂ ਤਿੰਨ ਗੁਣਾ ਜ਼ਿਆਦਾ ਵੱਡਾ ਹੁੰਦਾ ਹੈ ਜਿਸ ਅੰਡੇ ਤੋਂ ਉਹ ਨਿਕਲਦਾ ਹੈ।
- ਨਰ ਮੱਛਰ ਕਦੇ ਕਿਸੇ ਨੂੰ ਨਹੀਂ ਕੱਟਦਾ, ਕੇਵਲ ਮਾਦਾ ਮੱਛਰ ਹੀ ਕੱਟਦੀ ਹੈ।
- ਕਛੂਆ ਇਕ ਇਹੋ ਜਿਹਾ ਜੀਵ ਹੈ ਜਿਸ ਦੇ ਦੰਦ ਨਹੀਂ ਹੁੰਦੇ।
- ਕੰਗਾਰੂ ਰੇਟ ਇਕ ਇਹੋ ਜਿਹਾ ਪ੍ਰਾਣੀ ਹੈ ਜੋ ਕਦੇ ਪਾਣੀ ਨਹੀਂ ਪੀਂਦਾ।
- ਭਾਲੂ ਇਕ ਇਹੋ ਜਿਹਾ ਪ੍ਰਾਣੀ ਹੈ ਜੋ ਜਨਮ ਤੋਂ ਦੋ ਮਹੀਨੇ ਤਕ ਸੌਂਦਾ ਹੈ ਅਤੇ ਬੱਚਿਆਂ ਦੀ ਤਰ੍ਹਾਂ ਰੋਂਦਾ ਹੈ।
- ਸੇਲਫਿਸ਼ ਨਾਮਕ ਮੱਛੀ 80 ਕਿ.ਮੀ ਪ੍ਰਤਿਘੰਟੇ ਦੀ ਰਫਤਾਰ ਨਾਲ ਤੈਰਦੀ ਹੈ।
- ਡਾਲਫਿਨ ਮਨੁੱਖ ਦੀ ਭਾਸ਼ਾ ਦੀ ਨਕਲ ਕਰ ਸਕਦੀ ਹੈ।
- ਹਾਥੀ ਦੀ ਸੁੰਡ ਵਿਚ 4000 ਹੱਡੀਆਂ ਹੁੰਦੀਆਂ ਹਨ।
- ਘੋੜਾ ਖੜੇ ਖੜੇ ਵੀ ਸੌਂ ਸਕਦਾ ਹੈ।
- ਮਧੁਮੱਖੀਆਂ ਨੂੰ ਇਕ ਕਿੱਲੋ ਸ਼ਹਿਦ ਬਨਾਉਣ ਲਈ 40000 ਫੁੱਲਾਂ ਦਾ ਰਸ ਚੂਸਣਾ ਪੈਂਦਾ ਹੈ।
- ਜਿਰਾਫ ਪ੍ਰਿਥਵੀ ਉਤੇ ਪਾਇਆ ਜਾਣ ਵਾਲਾ ਸਭ ਤੋਂ ਲੰਮਾ ਜਾਨਵਰ ਹੈ। ਆਪਣੀ ਲੰਮੀ ਗਰਦਨ ਦੇ ਕਾਰਨ ਇਹ ਦੋ ਮੰਜ਼ਿਲਾ ਇਮਾਰਤ ਦੀ ਉਚਾਈ ਤਕ ਪਹੁੰਚ ਸਕਦਾ ਹੈ। ਇਸ ਦੀ ਲੰਬਾਈ ਲਗਭਗ 5.5 ਮੀਟਰ ਹੁੰਦੀ ਹੈ।
- ਉਡੱਣ ਵਾਲੇ ਸੱਪ ਮਲੇਸ਼ੀਆ ਵਿਚ ਪਾਏ ਜਾਂਦੇ ਹਨ।

ਸੰਗ੍ਰਹਿਕਰਤਾ – ਗੁਰਦੇਵ ਸਿੰਘ

❑ ਦਰਸ਼ਨ ਸਿੰਘ ਆਸ਼ਟ

ਨਵੇਂ ਸਾਲ ਦਾ ਵਾਇਦਾ

ਪ੍ਰਿੰਸ ਚੌਥੀ ਜਮਾਤ ਦਾ ਵਿਦਿਆਰਥੀ ਸੀ। ਸ਼ਾਮ ਨੂੰ ਉਹ ਰਮਾ ਮੈਡਮ ਕੋਲ ਟਿਊਸ਼ਨ ਪੜ੍ਹਨ ਲਈ ਜਾਂਦਾ ਸੀ। ਉਸ ਦੇ ਪਾਪਾ ਉਸ ਨੂੰ ਬਾਇਕ ਤੇ ਛੱਡਣ ਲਈ ਜਾਂਦੇ ਸਨ। ਸੜਕ ਆਵਾਜਾਈ ਨਾਲ ਭਰੀ ਰਹਿੰਦੀ ਸੀ। ਟਿਊਸ਼ਨ ਵਾਲੀ ਮੈਡਮ ਦੇ ਘਰ ਤੱਕ ਪੁੱਜਣ ਲਈ ਉਨ੍ਹਾਂ ਨੂੰ ਲਾਲ ਬੱਤੀ ਵਾਲਾ ਚੌਕ ਪਾਰ ਕਰਨਾ ਪੈਂਦਾ ਸੀ। ਪਾਪਾ ਆਪਣੀ ਬਾਇਕ ਇੰਨੀ ਤੇਜ਼ ਚਲਾਉਂਦੇ ਸਨ ਕਿ ਪਿਛੇ ਬੈਠੇ ਪ੍ਰਿੰਸ ਦਾ ਸਾਹ ਸੁੱਕ ਜਾਂਦਾ। ਉਹ ਪਾਪਾ ਨੂੰ ਬਾਇਕ ਹੌਲੀ ਚਲਾਉਣ ਲਈ ਕਹਿੰਦਾ ਪਰ ਪਾਪਾ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਸਨ। ਝੱਟ ਆਖਦੇ, ''ਘਾਬਰਦਾ ਕਿਉਂ ਐਂ? ਮੇਰੇ ਹੁੰਦੇ ਫ਼ਿਕਰ ਕਿਉਂ ਕਰਦੈਂ? ਪੂਰੇ ਟ੍ਰੇਂਡ ਨੇ ਤੇਰੇ ਪਾਪਾ। ਸਪਾਈਡਰਮੈਨ ਅਤੇ ਸ਼ਕਤੀਮਾਨ ਮੇਰੇ ਈ ਚੇਲੇ ਨੇ....ਸਮਝਿਆ....।''

ਪ੍ਰਿੰਸ ਨੂੰ ਅਜਿਹਾ ਉਤੱਰ ਚੰਗਾ ਨਾ ਲੱਗਦਾ। ਉਹ ਸਹਿਮਿਆ ਸਹਿਮਿਆ ਜਿਹਾ ਬੈਠਾ ਰਹਿੰਦਾ। ਬਾਈਕ ਤੋਂ ਉਤੱਰ ਕੇ ਉਸ ਨੂੰ ਸੁੱਖ ਦਾ ਸਾਹ ਆਉਂਦਾ।

ਚੌਕ ਵਿੱਚ ਪਹੁੰਚਣ ਸਮੇਂ ਜਦੋਂ ਲਾਲ ਬੱਤੀ ਹੋ ਜਾਂਦੀ ਤਾਂ ਪ੍ਰਿੰਸ ਦੇ ਪਾਪਾ ਪਰਵਾਹ ਨਾ ਕਰਦੇ। ਉਹ ਇਕ ਪਾਸੇ ਤੋਂ ਆਪਣੀ ਬਾਈਕ ਕੱਢਦੇ ਤੇ ਦੇਖਦਿਆਂ ਹੀ ਦੇਖਦਿਆਂ ਲਾਲ ਬੱਤੀ ਵਿੱਚ ਹੀ ਸੜਕ ਤੇ ਅੱਗੇ ਨਿਕਲ ਜਾਂਦੇ। ਕਈ ਵਾਰੀ ਉਨ੍ਹਾਂ ਨੂੰ ਲਾਲ ਬੱਤੀ ਦੌਰਾਨ ਨਿਕਲਦਿਆਂ ਕਈ ਲੋਕਾਂ ਨੇ ਟੋਕਿਆ ਵੀ ਸੀ। ਇਕ ਵਾਰੀ ਤਾਂ ਇਕ ਆਦਮੀ ਨੇ ਪ੍ਰਿੰਸ ਦੇ ਪਾਪਾ ਨੂੰ ਕਾਫੀ ਬੁਰਾ-ਭਲਾ ਵੀ ਕਿਹਾ ਸੀ ਕਿਉਂਕਿ ਉਹ ਲਾਲ ਬੱਤੀ ਦੌਰਾਨ ਹੀ ਸੜਕ ਪਾਰ ਕਰ ਰਹੇ ਸਨ ਅਤੇ ਉਨ੍ਹਾਂ ਦੀ ਬਾਈਕ ਇਕ ਹੋਰ ਆਦਮੀ ਦੀ ਬਾਈਕ ਨਾਲ ਟਕਰਾ ਗਈ ਸੀ। ਟਿਊਸ਼ਨ ਤੋਂ ਆ ਕੇ ਪ੍ਰਿੰਸ ਨੇ ਮੰਮੀ ਨੂੰ ਇਹ ਗੱਲ ਦੱਸੀ। ਮੰਮੀ ਨੇ ਪਾਪਾ ਨੂੰ ਅਜਿਹਾ ਕਰਨ ਬਾਰੇ ਉਲਾਂਭਾ ਦਿੱਤਾ ਤਾਂ ਪਾਪਾ ਨੇ ਮੰਮੀ ਦੀ ਗੱਲ ਨੂੰ ਵੀ ਇਕ ਕੰਨੋਂ ਸੁਣ ਕੇ ਦੂਜੇ ਕੰਨੋਂ ਕੱਢ ਦਿੱਤਾ।

ਇਕ ਦਿਨ ਪ੍ਰਿੰਸ ਪਾਪਾ ਨਾਲ ਟਿਊਸ਼ਨ 'ਤੇ ਜਾ ਰਿਹਾ ਸੀ। ਉਹ ਚੌਕ ਵਿੱਚ ਆਏ ਤਾਂ ਚਾਣਚੱਕ ਲਾਲ ਬੱਤੀ ਹੋ ਗਈ। ਪਾਪਾ ਨੇ ਆਪਣੀ ਆਦਤ ਅਨੁਸਾਰ ਬਾਈਕ ਪਾਸਿਉਂ ਕਰਕੇ ਲੰਘਾਉਣ ਦਾ ਜਤਨ ਕੀਤਾ ਤਾਂ ਪ੍ਰਿੰਸ ਨੇ ਉਨ੍ਹਾਂ ਨੂੰ ਟੋਕ ਦਿੱਤਾ। ਪਾਪਾ ਨੂੰ ਇਕਦਮ ਗੁੱਸਾ ਆ ਗਿਆ। ਬੋਲੇ, ''ਓਏ ਤੇਰਾ ਸਾਹ ਕਿਉਂ ਫੁੱਲ ਜਾਂਦੈ? ਚੁੱਪਚਾਪ ਬੈਠਾ ਰਿਹਾ ਕਰ। ਕਿਹੜਾ ਰੁਕ ਕੇ ਉਡੀਕ ਕਰੇ ਹਰੀ ਬੱਤੀ ਦੀ....।''

''ਪਾਪਾ, ਬਾਕੀ ਲੋਕ ਵੀ ਤਾਂ ਖੜੇ ਰਹਿੰਦੇ ਨੇ। ਉਹ ਵੀ ਤਾਂ ਉਡੀਕ ਕਰਦੇ ਨੇ।'' ਪ੍ਰਿੰਸ ਬੋਲਿਆ।

ਪਾਪਾ ਬੋਲੇ, ''ਓਏ ਲੱਲੂ, ਦੱਸ ਇਥੇ ਕਿਹੜਾ ਪੁਲਿਸ ਵਾਲਾ ਖੜ੍ਹਾ ਏ ਜਿਹੜਾ ਸਾਡਾ ਚਲਾਨ ਕੱਟ ਦੇਵੇਗਾ?''

''ਪਾਪਾ ਇਸ ਦਾ ਮਤਲਬ ਤਾਂ ਇਹ ਹੋਇਆ ਕਿ ਜੇਕਰ ਪੁਲਿਸ ਵਾਲਾ ਅੰਕਲ ਖੜ੍ਹਾ ਹੋਵੇਗਾ ਤਾਂ ਹੀ ਤੁਸੀਂ ਰੁਕੋਗੇ। ਸਾਡੇ ਸਕੂਲ ਵਿੱਚ ਟ੍ਰੈਫਿਕ ਇੰਸਪੈਕਟਰ ਆਏ ਸਨ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਦੱਸਿਆ ਸੀ ਕਿ ਸਾਨੂੰ ਟ੍ਰੈਫਿਕ ਦੇ ਨਿਯਮਾਂ ਦਾ ਪਾਲਣ ਕਰਨਾ ਚਾਹੀਦਾ ਏ।'' ਪ੍ਰਿੰਸ ਨੇ ਕਿਹਾ।

ਪਾਪਾ ਇਕਦਮ ਕਹਿਣ ਲੱਗੇ, ''ਉਏ ਛੱਡ ਖਾਹਮਖਾਹ ਦੀਆਂ ਗੱਲਾਂ। ਮੈਂ ਤੈਨੂੰ ਛੱਡ ਕੇ ਦੁਕਾਨ ਤੇ ਵੀ ਤਾਂ ਵਾਪਿਸ

ਆਉਣਾ ਹੁੰਦੈ। ਨਹੀਂ ਤਾਂ ਦੁਕਾਨ ਬੰਦ ਰਹਿਣ ਕਰਕੇ ਆਪਣੇ ਗਾਹਕ ਦੂਜੀ ਦੁਕਾਨ ਤੇ ਚਲੇ ਜਾਂਦੇ ਨੇ। ਨਾਲੇ ਇਥੇ ਕੋਈ ਪੁਲਿਸ ਵਾਲਾ ਨਹੀਂ ਖੜਾ....।''

ਪ੍ਰਿੰਸ ਨੂੰ ਵਾਰ ਵਾਰ ਪਾਪਾ ਦੇ ਇਹ ਸ਼ਬਦ ਸੂਲ ਵਾਂਗ ਚੁੱਭਦੇ ਰਹਿੰਦੇ ਸਨ, ਇਥੇ ਕੋਈ ਪੁਲਿਸ ਵਾਲਾ ਨਹੀਂ ਖੜ੍ਹਾ....।''

ਪ੍ਰਿੰਸ ਨੇ ਮਨ ਹੀ ਮਨ ਪਾਪਾ ਦੀ ਅਜਿਹੀ ਆਦਤ ਛੁਡਾਉਣ ਦਾ ਨਿਸਚਾ ਕਰ ਲਿਆ। ਉਹ ਕੋਈ ਵਿਉਂਤ ਘੜਨ ਲੱਗਾ।

ਇਕ ਸ਼ਾਮ ਨੂੰ ਪ੍ਰਿੰਸ ਨੇ ਆਪਣੇ ਪਾਪਾ ਨੂੰ ਨਵਾਂ ਜਿਉਮੈਟਰੀ ਬਾਕਸ ਦਿਖਾਇਆ। ਵੇਖ ਕੇ ਉਹ ਬੋਲੇ, ''ਇਹ ਤਾਂ ਬੜਾ ਸੋਹਣਾ ਏ। ਕਿਥੋਂ ਖਰੀਦ ਕੇ ਲਿਆਂਦਾ ਏ? ''

ਪ੍ਰਿੰਸ ਨੇ ਗਰਮ ਲੋਹੇ ਤੇ ਸੱਟ ਮਾਰੀ, ''ਪਾਪਾ, ਖਰੀਦ ਕੇ ਥੋੜ੍ਹਾ ਲਿਆਂਦਾ ਏ। ਇਹ ਤਾਂ ਮੈਂ ਆਪਣੇ ਦੋਸਤ ਦਾ ਚੁਰਾ ਕੇ ਲਿਆਇਆ ਹਾਂ....।''

''ਕੀ? ਚੁਰਾ ਕੇ ? ਮੂਰਖਾ, ਇਹ ਤੂੰ ਕੀ ਕੀਤਾ? ਚੋਰੀ ਕਰਕੇ ਤੂੰ ਕਿੰਨਾ ਗਲਤ ਕੰਮ ਕੀਤਾ ਏ।'' ਉਸ ਦੇ ਪਾਪਾ ਗੁੱਸੇ ਵਿੱਚ ਬੋਲਣ ਲੱਗੇ।

ਪ੍ਰਿੰਸ ਨੇ ਕਿਹਾ, ''ਪਾਪਾ, ਜਦੋਂ ਮੈਂ ਉਸ ਲੜਕੇ ਦੇ ਬੈਗ ਵਿਚੋਂ ਇਹ ਬਾਕਸ ਕੱਢਿਆ ਸੀ, ਉਦੋਂ ਕਮਰੇ ਵਿੱਚ ਕੋਈ ਵੀ ਨਹੀਂ ਸੀ ਜਿਹੜਾ ਮੈਨੂੰ ਦੇਖ ਰਿਹਾ ਹੋਵੇ।''

ਇਹ ਗੱਲ ਸੁਣਦਿਆਂ ਸਾਰ ਹੀ ਪਾਪਾ ਦਾ ਮੱਥਾ ਠਣਕਿਆ। ਉਹ ਸੋਚਣ ਲੱਗੇ, ''ਕੀ ਜੇ ਕੋਈ ਦੇਖ ਨਾ ਰਿਹਾ ਹੋਵੇ, ਉਦੋਂ ਕੋਈ ਜ਼ੁਰਮ ਕਰਨਾ ਠੀਕ ਏ? ਨਹੀਂ, ਪ੍ਰਿੰਸ ਨੇ ਅਜਿਹਾ ਕਰਕੇ ਠੀਕ ਨਹੀਂ ਕੀਤਾ। ਅੱਗੇ ਜਾ ਕੇ ਇਸ ਦੀਆਂ ਆਦਤਾਂ ਵਿਗੜ ਸਕਦੀਆਂ ਹਨ। ਪ੍ਰਿੰਸ ਦੇ ਮਨ ਤੇ ਮੇਰੀ ਬੁਰੀ ਆਦਤ ਦਾ ਅਸਰ ਪੈਣ ਲੱਗਾ ਹੈ ਕਿਉਂਕਿ ਮੈਂ ਵੀ ਤਾਂ ਕਾਨੂੰਨ ਦੀ ਪਰਵਾਹ ਨਾ ਕਰਦਾ ਹੋਇਆ ਅਕਸਰ ਲਾਲ ਬੱਤੀ ਪਾਰ ਕਰ ਜਾਂਦਾ ਹਾਂ ਤੇ ਇਸ ਨੂੰ ਕਹਿੰਦਾ ਹਾਂ ਕਿ ਇਥੇ ਕੋਈ ਪੁਲਿਸ ਵਾਲਾ ਉਸ ਨੂੰ ਨਹੀਂ ਵੇਖ ਰਿਹਾ।''

ਪਾਪਾ ਨੂੰ ਡੂੰਘੀ ਸੋਚ ਵਿੱਚ ਪਿਆ ਵੇਖ ਕੇ ਪ੍ਰਿੰਸ ਨੇ ਪੁੱਛਿਆ, ''ਪਾਪਾ, ਕੀ ਸੋਚ ਰਹੇ ਹੋ?''

ਪਾਪਾ, ਕੁਝ ਨਹੀਂ, ਕੁਝ ਨਹੀਂ ਆਖ ਕੇ ਚੁੱਪ ਕਰ ਗਏ। ਫਿਰ ਕਹਿਣ ਲੱਗੇ, ਬੇਟੇ, ''ਜਿਸ ਲੜਕੇ ਦਾ ਤੂੰ ਇਹ ਬਾਕਸ ਚੁਰਾ ਕੇ ਲਿਆਂਦਾ ਹੈ, ਕੱਲ੍ਹ ਨੂੰ ਉਸ ਦੇ ਬੈਗ ਵਿੱਚ ਪਾ ਕੇ ਆ...।''

ਨਵਾਂ ਸਾਲ ਆਉਣ ਵਿੱਚ ਕੇਵਲ ਇਕ ਹੀ ਦਿਨ ਬਾਕੀ ਰਹਿ ਗਿਆ ਸੀ। ਅਗਲੇ ਦਿਨ ਪਾਪਾ ਪ੍ਰਿੰਸ ਨੂੰ ਲੈ ਕੇ ਟਿਊਸ਼ਨ ਤੇ ਛੱਡਣ ਲਈ ਜਾ ਰਹੇ ਸਨ। ਚੌਕ ਤੇ ਚਾਣਚੱਕ ਲਾਲ ਬੱਤੀ ਹੋ ਗਈ। ਪਾਪਾ ਨੇ ਇਕਦਮ ਬਾਈਕ ਰੋਕ ਲਈ।

ਪਾਪਾ, ਤੁਸੀਂ ਅੱਜ .....।'' ਪ੍ਰਿੰਸ ਨੇ ਅਜੇ ਆਪਣੀ ਗੱਲ ਪੂਰੀ ਵੀ ਨਹੀਂ ਕੀਤੀ ਸੀ ਕਿ ਪਾਪਾ ਕਹਿਣ ਲੱਗੇ, ''ਪ੍ਰਿੰਸ ਪੁੱਤਰ, ਮੈਂ ਸਚਮੁਚ ਹੀ ਗਲਤ ਸੀ। ਨਿਯਮਾਂ ਦੀ ਪਾਲਣਾ ਕਰਨਾ ਸਾਡਾ ਪਰਮ ਕਰਤੱਵ ਹੈ। ਕੱਲ੍ਹ ਨੂੰ ਨਵਾਂ ਸਾਲ ਹੈ। ਕਹਿੰਦੇ ਨੇ ਨਾ ਕਿ ਨਵੇਂ ਸਾਲ ਤੇ ਆਪਣੀ ਕਿਸੇ ਨਾ ਕਿਸੇ ਕਮਜ਼ੋਰੀ ਜਾਂ ਗਲਤ ਆਦਤ ਨੂੰ ਛੱਡਣਾ ਚਾਹੀਦੈ। ਮੈਂ ਕੱਲ੍ਹ ਤੋਂ ਹੀ ਨਹੀਂ ਅੱਜ ਤੋਂ ਹੀ ਨਿਯਮਾਂ ਦਾ ਉਲੰਘਣ ਕਰਨ ਦੀ ਗਲਤ ਆਦਤ ਦਾ ਤਿਆਗ ਕਰ ਰਿਹਾ ਹਾਂ। ਨਵੇਂ ਸਾਲ ਦੇ ਸ਼ੁਭ ਮੌਕੇ ਤੇ ਮੇਰਾ ਇਹ ਵਾਇਦਾ ਰਿਹਾ।'' ਪ੍ਰਿੰਸ ਇਹ ਸੁਣ ਕੇ ਪ੍ਰਸੰਨ ਹੋ ਗਿਆ।

ਰਾਤ ਨੂੰ ਖਾਣਾ ਖਾਣ ਤੋਂ ਬਾਦ ਪ੍ਰਿੰਸ ਨੇ ਮੰਮੀ ਨੂੰ ਪਾਪਾ ਦੇ ਵਾਇਦੇ ਦੀ ਗੱਲ ਦੱਸੀ। ਉਸ ਨੇ ਇਹ ਵੀ ਦੱਸਿਆ ਕਿ ਉਹ ਜਿਉਮੈਟਰੀ ਬਾਕਸ ਚੋਰੀ ਕਰਕੇ ਨਹੀਂ ਸਗੋਂ ਆਪਣੇ ਇਕ ਦੋਸਤ ਤੋਂ ਇਕ ਦਿਨ ਲਈ ਮੰਗ ਕੇ ਲਿਆਇਆ ਸੀ ਤਾਂ ਜੋ ਪਾਪਾ ਨੂੰ...। ਪਾਪਾ ਨੇ ਉਨ੍ਹਾਂ ਦੀਆਂ ਗੱਲਾਂ ਸੁਣ ਲਈਆਂ ਸਨ। ਉਹ ਝੱਟ ਕਹਿਣ ਲੱਗੇ, ''ਅੱਛਾ ਬੱਚੂ, ਤੂੰ ਮੈਨੂੰ ਸਬਕ ਸਿਖਾਉਣ ਲਈ ਅਜਿਹਾ ਕੀਤਾ ਸੀ। ਬੜਾ ਸ਼ਰਾਰਤੀ ਨਿਕਲਿਆ ਤੂੰ ਤਾਂ.....।''

ਪ੍ਰਿੰਸ ਨੂੰ ਸੀਨੇ ਨਾਲ ਲਗਾ ਕੇ ਮੰਮੀ ਬੋਲੇ, ''ਸ਼ਰਾਰਤੀ ਨਹੀਂ ਸਮਝਦਾਰ ਏ ਮੇਰਾ ਪ੍ਰਿੰਸ। ਜਿਸ ਨੇ ਤੁਹਾਨੂੰ ਨਿਯਮਾਂ ਦਾ ਪਾਲਣ ਕਰਨ ਦਾ ਅਹਿਸਾਸ ਕਰਵਾਇਆ ਏ।''

ਅਗਲੀ ਸਵੇਰ ਘਰ ਵਿੱਚ ਪਕਵਾਨਾਂ ਦੀ ਮਹਿਕ ਆ ਰਹੀ ਸੀ। ਵਧਾਈਆਂ ਮਿਲ ਰਹੀਆਂ ਸਨ। ਨਵਾਂ ਸਾਲ ਜੁ ਸੀ।

■

ਸਾਧਾਰਣ ਗਿਆਨ ਪ੍ਰਸ਼ਨੋਤਰੀ ਦੇ ਉੱਤਰ

(1) ਭਗਵਾਨ ਸ਼੍ਰੀਰਾਮ
(2) ਭੀਮ
(3) ਸਿੱਕਿਮ
(4) ਮਲਯਾਲਮ
(5) ਏ.ਪੀ.ਜੇ ਅਬਦੁਲ ਕਲਾਮ
(6) ਰਿਸ਼ੀ ਗੌਤਮ
(7) ਅਸਮ
(8) ਰੋਮ
(9) ਸਰਵਨਾਮ
(10) ਵੰਦੇਮਾਤਰਮ
(11) ਓਂਸੋਮਿਯਮ
(12) ਪਰਸ਼ੁਰਾਮ
(13) ਜਿਹਲਮ
(14) ਹੇ ਰਾਮ
(15) ਓਮ ।

❑ ਮਹੇਸ਼ ਚੰਦਰ ਸ਼ਰਮਾ

ਮਹਾਨ ਅਜ਼ਾਦੀ ਘੁਲਾਟੀਆ ਚੰਦਰਸ਼ੇਖਰ ਆਜ਼ਾਦ

ਸ਼੍ਰੀ ਚੰਦਰਸ਼ੇਖਰ 'ਆਜ਼ਾਦ' ਹਰਮਨ ਪਿਆਰੇ ਅਜ਼ਾਦੀ ਦੇ ਘੁਲਾਟੀਏ ਸਨ। ਉਹ ਪੰਡਿਤ ਰਾਮ ਪ੍ਰਸਾਦ ਬਿਸਮਿਲ ਅਤੇ ਸਰਦਾਰ ਭਗਤ ਸਿੰਘ ਵਰਗੇ ਮਹਾਨ ਕ੍ਰਾਂਤੀਕਾਰੀਆਂ ਦੇ ਸਾਥੀਆਂ ਵਿਚੋਂ ਸਨ। ਚੰਦਰਸ਼ੇਖਰ ਆਜ਼ਾਦ ਦਾ ਜਨਮ ਭਾਂਬਰਾ ਪਿੰਡ (ਵਰਤਮਾਨ ਅਲੀਰਾਜਪੁਰ ਜਿਲਾ) ਵਿੱਚ 23 ਜੁਲਾਈ ਸੰਨ 1906 ਨੂੰ ਹੋਇਆ ਸੀ। ਉਹਨਾਂ ਦੇ ਵਡੇਰੇ ਬਦਰਕਾ (ਵਰਤਮਾਨ ਉਨਾਵ ਜਿਲਾ) ਤੋਂ ਸਨ। ਆਜ਼ਾਦ ਦੇ ਪਿਤਾ ਪੰਡਿਤ ਸੀਤਾ ਰਾਮ ਤਿਵਾਰੀ ਸੰਮਤ 1956 ਵਿੱਚ ਅਕਾਲ ਦੇ ਸਮੇਂ ਆਪਣੇ ਪੈਤ੍ਰਿਕ ਨਿਵਾਸ ਬਦਰਕਾ ਨੂੰ ਛੱਡ ਕੇ ਪਹਿਲਾਂ ਕੁਝ ਦਿਨ ਮਧਪ੍ਰਦੇਸ਼ ਦੀ ਅਲੀਰਾਜਪੁਰ ਰਿਆਸਤ ਵਿੱਚ ਨੌਕਰੀ ਕਰਦੇ ਰਹੇ ਫਿਰ ਜਾ ਕੇ ਭਾਂਬਰਾ ਪਿੰਡ ਵਿੱਚ ਵਸ ਗਏ। ਇਥੇ ਬਾਲਕ ਚੰਦਰਸ਼ੇਖਰ ਦਾ ਬਚਪਨ ਬੀਤਿਆ। ਉਹਨਾਂ ਦੀ ਮਾਂ ਦਾ ਨਾਂ ਜਗਰਾਨੀ ਦੇਵੀ ਸੀ। ਆਜ਼ਾਦ ਦਾ ਸ਼ੁਰੂਆਤੀ ਜੀਵਨ ਪਿੰਡ ਵਿੱਚ ਬੀਤਿਆ ਅਤੇ ਬਚਪਨ ਵਿੱਚ ਆਜ਼ਾਦ ਨੇ ਭੀਲ ਬਾਲਕਾਂ ਦੇ ਨਾਲ ਖੂਬ ਧਨੁਸ਼ ਬਾਣ ਚਲਾਏ। ਇਸ ਪ੍ਰਕਾਰ ਉਹਨਾਂ ਨੇ ਨਿਸ਼ਾਨੇਬਾਜ਼ੀ ਬਚਪਨ ਵਿੱਚ ਹੀ ਸਿੱਖ ਲਈ ਸੀ। ਉਸ ਸਮੇਂ ਬਨਾਰਸ ਕ੍ਰਾਂਤੀਕਾਰੀਆਂ ਦਾ ਗੜ ਸੀ। ਉਥੇ ਉਹਨਾਂ ਨੇ ਕਾਂਸ਼ੀ ਵਿਦਿਆਪੀਠ ਵਿੱਚ ਦਾਖਲਾ ਲਿਆ, ਇਥੇ ਉਹਨਾਂ ਨੂੰ ਸੰਸਕ੍ਰਿਤ ਪੜ੍ਹਨ ਲਈ ਭੇਜਿਆ ਗਿਆ ਸੀ। ਇਥੇ ਉਹ ਕ੍ਰਾਂਤੀਕਾਰੀ ਦਲ ਦੇ ਮੈਂਬਰ ਬਣ ਗਏ। ਕ੍ਰਾਂਤੀਕਾਰੀਆਂ ਦਾ ਉਹ ਦਲ 'ਹਿੰਦੁਸਤਾਨ ਪ੍ਰਜਾਤੰਤਰ ਸੰਘ' ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਚੰਦਰਸ਼ੇਖਰ ਦੀ ਉਮਰ ਜਦ 14 ਸਾਲ ਦੀ ਹੀ ਸੀ, ਉਹ ਕਾਂਸ਼ੀ ਦੇ ਗੌਰਮਿੰਟ ਕਾਲਜ ਦੀਆਂ ਪੌੜੀਆਂ ਵਿੱਚ ਧਰਨਾ ਦਿੰਦੇ ਫੜ ਲਏ ਗਏ ਸਨ। ਚੌਦਹਾਂ ਸਾਲ ਦੀ ਉਮਰ ਵਿੱਚ ਉਹ ਕਾਰਨਾਮਾ ਕਰ ਵਿਖਾਇਆ ਸੀ, ਜਿਸ ਦੇ ਲਈ ਉਹਨਾਂ ਨੂੰ 15 ਬੈਂਤਾਂ ਦੀ ਸਜਾ ਮਿਲੀ ਸੀ। ਅਦਾਲਤੀ ਕਾਰਵਾਈ ਦੇ ਵਕਤ ਮੈਜਿਸਟ੍ਰੇਟ ਨੇ ਪੁੱਛਿਆ, –

'ਤੁਹਾਡਾ ਨਾਂ'?

'ਆਜ਼ਾਦ'

'ਪਿਤਾ ਦਾ ਨਾਮ'

'ਸਵਾਧੀਨ'

'ਨਿਵਾਸ'

'ਜੇਲਖਾਨਾ'

ਬ੍ਰਿਟਿਸ਼ ਅਧਿਕਾਰੀ ਇਸ ਤੋਂ ਚਿੜ ਗਏ। ਆਜ਼ਾਦ ਨੂੰ 15 ਬੈਂਤ ਮਾਰਨ ਦਾ ਦੰਡ ਸ਼ੁਰੂ ਕਰ ਦਿਤਾ ਗਿਆ। ਪਰ ਹਰ ਬੈਂਤ ਦੀ ਮਾਰ ਦੇ ਨਾਲ ਬਾਲਕ ਚੰਦਰਸ਼ੇਖਰ ਦਰਦ ਨਾਲ 'ਹਾਏ' ਕਰਨ ਦੀ ਬਜਾਏ ਜ਼ੋਰ ਨਾਲ 'ਬੰਦੇਮਾਤਰਮ ਅਤੇ ਭਾਰਤ ਮਾਤਾ ਦੀ ਜੈ' ਦਾ ਜੈਕਾਰਾ ਲਾਉਂਦੇ ਅਤੇ ਦੰਡਅਧਿਕਾਰੀ ਉਹਨਾਂ ਦਾ ਅਨੋਖਾ ਸਾਹਸ ਵੇਖ ਕੇ ਦੰਗ ਰਹਿ ਜਾਂਦਾ। ਕ੍ਰਾਂਤੀਕਾਰੀ ਪ੍ਰੋਗਰਾਮਾਂ ਦੇ ਅਨੁਸਾਰ 9 ਅਗਸਤ 1925 ਨੂੰ ਕਾਕੋਰੀ ਕਾਂਡ ਨੂੰ ਅੰਜਾਮ ਦਿਤਾ ਗਿਆ। ਅੰਗ੍ਰੇਜ਼ ਚੰਦਰਸ਼ੇਖਰ ਆਜ਼ਾਦ ਨੂੰ ਤਾਂ ਫੜ ਨਹੀਂ ਸਕੇ ਪਰ ਬਾਕੀ ਕ੍ਰਾਂਤੀਕਾਰੀਆਂ ਪੰਡਿਤ ਰਾਮ ਪ੍ਰਸਾਦ 'ਬਿਸਮਿਲ', ਅਸ਼ਫਾਕ ਉਲੱਾ ਖਾਂ ਅਤੇ ਠਾਕੁਰ ਰੋਸ਼ਨ ਸਿੰਘ ਨੂੰ 19 ਦਸੰਬਰ 1927 ਅਤੇ ਉਸਦੇ ਦੋ ਦਿਨ ਪਹਿਲਾਂ ਰਾਜਿੰਦਰ ਨਾਥ ਲਾਹਿਡੀ ਨੂੰ 17 ਦਸੰਬਰ, 1927 ਨੂੰ ਫਾਂਸੀ ਤੇ ਲਟਕਾ ਦਿੱਤਾ ਗਿਆ ਅਤੇ ਇਹ ਕ੍ਰਾਂਤੀਕਾਰੀ ਦੇਸ਼ ਲਈ ਸ਼ਹੀਦ ਹੋ ਗਏ। ਇਕ ਵਾਰ ਰਾਮਪ੍ਰਸਾਦ ਬਿਸਮਿਲ ਅਤੇ ਯੋਗੇਸ਼ ਚੈਟਰਜੀ ਆਦਿ ਕ੍ਰਾਂਤੀਕਾਰੀਆਂ ਨੂੰ ਛੁਡਾਉਣ ਦੀ ਯੋਜਨਾ ਵੀ ਬਣੀ

ਜਿਸ ਵਿੱਚ ਆਜ਼ਾਦ ਦੇ ਇਲਾਵਾ ਸਰਦਾਰ ਭਗਤ ਸਿੰਘ ਵੀ ਸ਼ਾਮਿਲ ਸਨ ਲੇਕਿਨ ਕਿਸੇ ਕਾਰਣਵਸ਼ ਇਥੇ ਯੋਜਨਾ ਪੂਰੀ ਨਾ ਹੋ ਸਕੀ।

ਚੰਦਰਸ਼ੇਖਰ ਆਜ਼ਾਦ ਦੀ ਇੱਛਾ ਦੇ ਵਿਰੁੱਧ ਜਦ ਭਗਤ ਸਿੰਘ ਅਸੈਂਬਲੀ ਵਿੱਚ ਬੰਬ ਸੁੱਟਣ ਗਏ ਤਾਂ ਆਜ਼ਾਦ ਤੇ ਦਲ ਦੀ ਪੂਰੀ ਜ਼ਿੰਮੇਵਾਰੀ ਆ ਗਈ। ਸਾਂਡਰਸ ਕਤਲ ਵਿੱਚ ਵੀ ਉਹਨਾਂ ਨੇ ਭਗਤ ਸਿੰਘ ਦਾ ਸਾਥ ਦਿੱਤਾ ਅਤੇ ਬਾਦ ਵਿੱਚ ਉਹਨਾਂ ਨੂੰ ਛੁਡਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਭਗਤ ਸਿੰਘ ਨੂੰ ਜੇਲ ਤੋਂ ਛੁਡਾਉਣ ਦੀ ਯੋਜਨਾ ਵੀ ਖਾਈ ਵਿੱਚ ਪੈ ਗਈ ਸੀ। ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਫਾਂਸੀ ਰੁਕਵਾਉਣ ਲਈ ਆਜ਼ਾਦ ਨੇ ਦੁਰਗਾ ਭਾਬੀ ਨੂੰ ਮਹਾਤਮਾ ਗਾਂਧੀ ਦੇ ਕੋਲ ਭੇਜਿਆ ਜਿਥੋਂ ਉਹਨਾਂ ਨੂੰ ਕੋਰਾ ਜਵਾਬ ਦੇ ਦਿੱਤਾ ਗਿਆ ਸੀ।

ਚੰਦਰਸ਼ੇਖਰ ਅੰਦਰ ਕੇਵਲ ਅਦਭੁਤ ਸਾਹਸ ਅਤੇ ਵੀਰਤਾ ਦੇ ਗੁਣ ਹੀ ਨਹੀਂ ਸਨ, ਚਰਿੱਤਰਬਲ ਅਨੁਸਾਸ਼ਨ ਦੇ ਵੀ ਪੱਕੇ ਸਨ ਅਤੇ ਉਹਨਾਂ ਵਿੱਚ ਅਸਧਾਰਣ ਸੰਗਠਨ ਸ਼ਕਤੀ ਵੀ ਸੀ। ਉਹਨਾਂ ਨੇ ਇਹਨਾਂ ਜਨਮ ਜਾਤ ਗੁਣਾਂ ਦੇ ਕਾਰਣ ਉਹਨਾਂ ਨੂੰ ਕ੍ਰਾਂਤੀ ਦੀ ਅਗਵਾਈ ਵੀ ਕੀਤੀ। ਕਾਕੋਰੀ ਡਕੈਤੀ ਦੇ ਸਮੇਂ ਉਹਨਾਂ ਦੀ ਉਮਰ ਘੱਟ ਸੀ ਫਿਰ ਵੀ ਫੜੇ ਜਾਣ ਦੇ ਬਾਅਦ ਫਰਾਰ ਹੋ ਗਏ ਸਨ। ਉਸਦੇ ਬਾਅਦ ਤਾਂ ਮੁੰਬਈ, ਕਾਨਪੁਰ, ਝਾਂਸੀ, ਆਗਰਾ, ਦਿੱਲੀ ਤੋਂ ਲਾਹੌਰ ਤਕ ਕ੍ਰਾਂਤੀ ਸੂਤਰ ਉਹਨਾਂ ਨੇ ਆਪਣੇ ਹੱਥ ਵਿੱਚ ਰੱਖਿਆ ਸੀ ਅਤੇ ਸਾਰੇ ਕ੍ਰਾਂਤੀਕਾਰੀਆਂ ਤੇ ਉਹਨਾਂ ਦੇ ਵਿਅਕਤੀਤਵ ਅਤੇ ਆਦੇਸ਼ ਦਾ ਦਬਦਬਾ ਰਹਿੰਦਾ ਸੀ।

ਸਰਦਾਰ ਭਗਤ ਸਿੰਘ ਵਰਗੇ ਸਾਥੀ ਮਿਲਣ ਤੇ ਚੰਦਰਸ਼ੇਖਰ ਬਹੁਤ ਖੁਸ਼ ਸਨ। ਤਾਂ ਹੀ ਤਾਂ 'ਸਾਂਡਰਸ ਕਤਲ' ਦੇ ਬਾਦ ਉਹਨਾਂ ਨੇ ਭਗਤ ਸਿੰਘ ਨੂੰ ਛੁਡਾਉਣ ਦੀ ਹਰ ਯੋਜਨਾ ਦੀ ਖੁਦ ਅਗਵਾਈ ਕੀਤੀ। ਦਿੱਲੀ ਅਤੇ ਕਾਨਪੁਰ ਵਿੱਚ ਬੰਬ ਕਾਰਖਾਨੇ ਚਲਾਏ। ਲਾਹੌਰ ਵਿੱਚ ਸਾਂਡਰਸ ਦੀ ਮੌਤ ਦੇ ਬਾਅਦ ਭਗਤ ਸਿੰਘ ਦੇ ਸਾਥੀਆਂ ਵਿੱਚ ਚੰਦਰਸ਼ੇਖਰ ਦੀ ਪੁਲਿਸ ਨੂੰ ਭਾਲ ਸੀ, ਪਰ ਉਹਨਾਂ ਦਾ ਤਾਂ ਸਭ ਤੋਂ ਪਿਆਰਾ ਗੁਣ ਸੀ ਆਜ਼ਾਦ ਰਹਿਣਾ ਅਤੇ ਆਜ਼ਾਦ ਰਹਿ ਕੇ ਹੀ ਮਰਨਾ। ਉਹ ਨਾ ਤਾਂ ਲਾਹੌਰ ਕੇਸ ਵਿੱਚ ਫੜੇ ਗਏ, ਨਾ ਹੀ 'ਕਾਕੋਰੀ ਕਾਂਡ' ਦੇ ਬਾਅਦ, ਹਮੇਸ਼ਾਂ ਫਰਾਰ ਅਤੇ ਆਜ਼ਾਦ ਰਹਿ ਕੇ ਕ੍ਰਾਂਤੀ ਦੀ ਅਗਵਾਈ ਕਰਦੇ ਰਹੇ। ਇਸ ਲਈ ਉਹਨਾਂ ਨੂੰ ਸਾਰੇ ਆਜ਼ਾਦ ਨਾਮ ਨਾਲ ਹੀ ਪੁਕਾਰਦੇ ਸਨ।

26 ਫਰਵਰੀ, 1931 ਨੂੰ ਇਕ ਮੁਖਬਰ ਦੇ ਵਿਸ਼ਵਾਸਘਾਤ ਨਾਲ ਇਲਾਹਾਬਾਦ ਦੇ ਅਲਫ੍ਰੇਡ ਪਾਰਕ ਵਿੱਚ, ਜਦ ਇਕ ਰੁੱਖ ਦੇ ਹੇਠਾਂ ਬੈਠ ਕੇ ਸਾਥੀ ਸ਼੍ਰੀ ਸੁਖਦੇਵਰਾਜ ਨਾਲ ਸੰਗਠਨ ਦੀ ਗੱਲ ਕਰ ਰਹੇ ਸਨ, ਪੁਲਿਸ ਦੀ ਇਕ ਟੁਕੜੀ ਨਾਲ ਘਿਰ ਗਏ। ਉਸ ਸੰਕਟ ਦੇ ਸਮੇਂ ਵੀ ਉਹਨਾਂ ਨੇ ਇਕ ਸੱਚੇ ਨੇਤਾ ਦੀ ਤਰ੍ਹਾਂ ਸੁਖਦੇਵਰਾਜ ਨੂੰ ਉਥੋਂ ਸੁਰੱਖਿਅਤ ਨਿਕਲ ਜਾਣ ਲਈ ਕਿਹਾ ਅਤੇ ਖੁਦ ਇਕੱਲੇ ਮੁਕਾਬਲਾ ਕਰਨ ਲੱਗੇ। ਮੋਰਚਾ ਸੰਭਾਲ ਕੇ ਉਹਨਾਂ ਨੇ ਪੁਲਿਸ ਤੇ ਅੰਧਾਧੁੰਦ ਗੋਲੀਆਂ ਚਲਾ ਕੇ ਮੁਠਭੇੜ ਵਿੱਚ ਕਈ ਪੁਲਿਸ ਵਾਲਿਆਂ ਨੂੰ ਮਾਰ ਦਿੱਤਾ। ਅਜਿਹਾ ਕਿਹਾ ਜਾਂਦਾ ਹੈ ਕਿ ਜਦ ਉਹਨਾਂ ਪਿਸਤੌਲ ਵਿੱਚ ਇਕ ਅੰਤਿਮ ਗੋਲੀ ਬਚ ਗਈ, ਤਦ ਉਹਨੂੰ ਆਪਣੀ ਕਟਪੱਟੀ ਤੇ ਮਾਰ ਕੇ ਖੁਦ ਆਜ਼ਾਦ ਹੀ ਸ਼ਹੀਦ ਹੋ ਗਏ।

ਉਹਨਾਂ ਦੀ ਸ਼ਹਾਦਤ ਦੇ ਤੁਰੰਤ ਬਾਅਦ ਇਕ ਗੋਰੇ ਪੁਲਿਸ ਇੰਸਪੈਕਟਰ ਨੇ ਆਪਣੀ ਡਾਇਰੀ ਵਿੱਚ ਲਿਖਿਆ ਸੀ– ਅਜਿਹਾ ਨਿਸ਼ਾਨੇਬਾਜ਼ ਮੈਂ ਆਪਣੀ ਜ਼ਿੰਦਗੀ ਵਿੱਚ ਦੂਸਰਾ ਨਹੀਂ ਵੇਖਿਆ। ਇੱਕਲੇ ਇਕ ਰੁੱਖ ਦੀ ਆੜ ਵਿੱਚ ਸੈਂਕੜੇ ਪੁਲਿਸ ਕਰਮਚਾਰੀਆਂ ਨਾਲ ਘਿਰੇ ਘੰਟੇਬੱਧੀ ਮੁਕਾਬਲੇ ਵਿੱਚ ਡਟੇ ਰਹਿਣ ਵਾਲਾ ਕੋਈ ਸਧਾਰਣ ਇਨਸਾਨ ਨਹੀਂ ਹੋ ਸਕਦਾ ਅਤੇ ਐਨੀ ਜਬਰਦਸਤ ਮੁਠਭੇੜ ਵਿੱਚ ਮਾਰਿਆ ਜਾਣ ਵਾਲਾ ਉਹ ਕੋਈ ਡਾਕੂ ਜਾਂ ਚੋਰ-ਉਚੱਕਾ ਨਹੀਂ, ਭਾਰਤ ਮਾਤਾ ਦਾ ਇਕ ਸੱਚਾ ਸਪੂਤ ਸੀ, ਜਿਸ ਨੇ ਉਹਨੂੰ ਮੁਕਤ ਕਰਾਉਣ ਲਈ ਹੀ ਇਹ ਸਾਰੀ ਸਾਧਨਾ ਕੀਤੀ ਸੀ ਕਿ ਨਾ ਤਾਂ ਕੋਈ ਉਹਨੂੰ ਲੱਭ ਕੇ ਫੜ ਸਕਿਆ, ਨਾ ਹੀ ਗੋਲੀ ਨਾਲ ਮਾਰ ਸਕਿਆ। ਉਹ ਆਜ਼ਾਦ ਸੀ, ਅਜ਼ਾਦ ਰਿਹਾ ਅਤੇ ਅਜ਼ਾਦ ਹੀ ਸ਼ਹੀਦ ਹੋਇਆ।

ਬਾਲ ਕਹਾਣੀ : ਰਾਜੇਸ਼ ਅਰੋੜਾ

ਸੋਚ ਦਾ ਤਰਾਜੂ

ਨਿਧੀਵਨ ਵਿੱਚ ਆਸ਼ਨਾ ਨਾਮ ਦੀ ਇਕ ਬਾਂਦਰੀ ਆਪਣੀ ਮਾਂ ਦੇ ਨਾਲ ਰਹਿੰਦੀ ਸੀ। ਨਾਚ, ਗੀਤ, ਸੰਗੀਤ, ਚਿੱਤਰਕਲਾ, ਐਕਟਿੰਗ ਆਦਿ ਹਰ ਖੇਤਰ ਵਿੱਚ ਉਹ ਮਾਹਿਰ ਸੀ। ਲੇਕਿਨ ਉਸ ਵਿੱਚ ਇਕ ਬੁਰੀ ਆਦਤ ਸੀ, ਉਹ ਸੀ ਉਸ ਦੀ ਬੋਲੀ। ਉਸ ਦਾ ਬਾਣੀ ਤੇ ਨਿਯੰਤਰਣ ਨਹੀਂ ਸੀ। ਸੋਚੇ ਬਿਨਾ ਹੀ ਉਹ ਊਟ-ਪਟਾਂਗ ਬੋਲਦੀ ਸੀ। ਜਿਸ ਨਾਲ ਸੁਣਨ ਵਾਲੇ ਦਾ ਮਨ ਖਰਾਬ ਹੋ ਜਾਂਦਾ ਸੀ। ਇਸ ਕਾਰਣ ਵਨ ਦੇ ਪ੍ਰਾਣੀ ਉਸ ਨਾਲ ਗੱਲ ਕਰਨ ਤੋਂ ਵੀ ਕਤਰਾਉਂਦੇ ਸਨ।

ਇਕ ਦਿਨ ਮਾਂ ਨੇ ਉਹਨੂੰ ਕਿਹਾ – 'ਬੇਟਾ ਦੂਸਰਿਆਂ ਦੇ ਨਾਲ ਗੱਲਬਾਤ ਕਰਦੇ ਵਕਤ ਆਪਣੇ ਸ਼ਬਦ ਅਤੇ ਆਪਣੀਆਂ ਕਿਰਿਆਵਾਂ ਦੂਸਰਿਆਂ ਦੇ ਬਿਲਕੁਲ ਯੋਗ ਹਨ ਜਾਂ ਨਹੀਂ, ਇਸ ਤੇ ਵਿਚਾਰ ਕਰ ਲੈਣਾ ਚਾਹੀਦਾ ਹੈ ਕਿਉਂਕਿ ਬੋਹੁਦਾ ਪ੍ਰਾਣੀ ਨੂੰ ਬਾਦ ਵਿੱਚ ਪਤਾ ਲੱਗਦਾ ਹੈ ਕਿ ਉਹ ਗਲਤ ਸੀ।' ਲੇਕਿਨ ਆਸ਼ਨਾ ਨੇ ਮਾਂ ਦੀ ਗੱਲ ਨੂੰ ਅਣਸੁਣਾ ਕਰ ਦਿੱਤਾ।

ਵਨ ਦੇ ਹਾਥੀ ਪਾਰਕ ਦੇ ਕੋਲ ਸੋਨੂੰ ਨਾਮ ਦੀ ਇਕ ਬਾਂਦਰੀ ਰਹਿੰਦੀ ਸੀ। ਉਸ ਦਾ ਦੁੱਧ ਦਾ ਚੰਗਾ ਕਾਰੋਬਾਰ ਸੀ। ਆਸ਼ਨਾ ਦੀ ਮਾਂ ਉਸ ਦੇ ਬਚਪਨ ਦੀ ਸਹੇਲੀ ਸੀ।

ਇਕ ਦਿਨ ਵਨ ਦੇ ਨਾਲ ਪਿੰਡ ਵਿੱਚ ਇਕ ਮੇਲਾ ਲੱਗਾ। ਦੂਰ-ਦੂਰ ਤੋਂ ਪ੍ਰਾਣੀ ਮੇਲਾ ਵੇਖਣ ਆਉਣ ਲੱਗੇ। ਸੋਨੂੰ ਨੇ ਸੋਚਿਆ – ਸਾਲੋਂ ਬਾਦ ਮੇਲਾ ਭਰਿਆ ਹੈ। ਮੈਂ ਵੀ ਵੇਖ ਆਉਂਦੀ ਹਾਂ। ਇਹ ਸੋਚ ਕੇ ਉਹ ਆਪਣੀ ਸਹੇਲੀ ਦੇ ਘਰ ਆ ਗਈ। ਉਸ ਵਕਤ ਆਸ਼ਨਾ ਦੀ ਮਾਂ ਘਰ ਵਿੱਚ ਨਹੀਂ ਸੀ।ਉਸ ਨੇ ਆਸ਼ਨਾ ਤੋਂ ਪੁੱਛਿਆ – ਬੇਟਾ! ਤੇਰੀ ਮਾਂ ਕਿਥੇ ਹੈ?

ਆਸ਼ਨਾ ਬੋਲੀ – ਮਾਂ ਤਾਂ ਕਿਸੇ ਕੰਮ ਲਈ ਵਨ ਦੇ ਬਾਹਰ ਗਈ ਹੋਈ ਹੈ। ਕੀ ਕੋਈ ਕੰਮ ਸੀ?

ਸੋਨੂੰ ਨੇ ਕਿਹਾ– ਹਾਂ, ਬੇਟਾ! ਮੇਲਾ ਵੇਖਣ ਜਾਣਾ ਸੀ। ਆਸ਼ਨਾ ਨੇ ਪੁੱਛਿਆ – ਮੇਲਾ ਵੇਖਣ ਨਾਲ ਕੀ ਹੁੰਦਾ ਹੈ?

ਸੋਨੂੰ ਬੋਲੀ – ਬੇਟਾ! ਮੇਲਾ ਵੇਖਣ ਨਾਲ ਜੀਵਨ ਵਿੱਚ ਆਨੰਦ ਅਤੇ ਖੁਸ਼ੀਆਂ ਦਾ ਸੰਚਾਰ ਹੁੰਦਾ ਹੈ। ਫਿਰ ਮਨੋਰੰਜਨ ਦੇ ਨਾਲ-ਨਾਲ ਮੇਲਿਆਂ ਵਿੱਚ ਸਾਡੇ ਸਮਾਜ ਦੀਆਂ ਪਰੰਪਰਾਵਾਂ, ਮਾਨਤਾਵਾਂ ਅਤੇ ਸੰਸਕ੍ਰਿਤੀ ਦੀ ਝਲਕ ਵੀ ਮਿਲਦੀ ਹੈ, ਇਸ ਨਾਲ ਸਾਡੇ ਗਿਆਨ ਵਿੱਚ ਵੀ ਵਾਧਾ ਹੁੰਦਾ ਹੈ।

ਆਸ਼ਨਾ ਬੋਲੀ– ਬੜੀ ਦੇਰ ਤੋਂ ਤੂੰ ਮੇਲਾ-ਮੇਲਾ ਲਗਾ ਰੱਖਿਆ ਹੈ। ਮੇਲਾ ਵੇਖਣ ਲਈ ਪੈਸੇ ਚਾਹੀਦੇ ਹਨ। ਹੈਂ ਤੇਰੇ ਕੋਲ ਪੈਸੇ? ਕੰਗਾਲ ਕਿਤੋਂ ਦੀ। ਆਈ ਵੱਡੀ ਮੇਲਾ ਵੇਖਣ। ਚਲ ਫੁਟ ਇਥੋਂ।

ਸੁਣ ਕੇ ਸੋਨੂੰ ਚੁਪਚਾਪ ਵਾਪਸ ਆ ਗਈ ਅਤੇ ਇੱਕਲੇ ਹੀ ਮੇਲਾ ਵੇਖਣ ਚਲੀ ਗਈ। ਮੇਲੇ ਵਿੱਚ ਸੋਨੂੰ ਨੇ ਬਹੁਤ ਮਨੋਰੰਜਨ ਕੀਤਾ ਅਤੇ ਕਾਫੀ ਖਰੀਦਦਾਰੀ ਵੀ ਕੀਤੀ।

ਅਗਲੇ ਦਿਨ ਸੋਨੂੰ, ਆਸ਼ਨਾ ਦੇ ਘਰ ਗਈ। ਉਹਨੂੰ ਕੰਗਨ ਅਤੇ ਮਾਲਾ ਦਿੰਦੇ ਹੋਏ ਬੋਲੀ– ਬੇਟਾ! ਇਹ ਸਭ ਮੈਂ ਤੇਰੇ ਲਈ ਮੇਲੇ ਤੋਂ ਲਿਆਈ ਹਾਂ: ਰੱਖ ਲੈ।

ਇਹ ਵੇਖ ਕੇ ਆਸ਼ਨਾ ਦੀਆਂ ਅੱਖਾਂ ਵਿਚੋਂ ਹੰਝੂ ਕਿਰਨ ਲੱਗੇ। ਉਹ ਸ਼ਰਮਿੰਦਗੀ ਨਾਲ ਭਰ ਉਠੀ, ਰੋਣ ਲੱਗੀ। ਉਹ ਕਾਫੀ ਦੇਰ ਤਕ ਰੋਂਦੀ ਰਹੀ। ਫਿਰ ਰੋਂਦੇ-ਰੋਂਦੇ ਬੋਲੀ– ਆਂਟੀ! ਮੈਂ ਆਪਣੇ ਬੁਰੇ ਬੋਲਾਂ ਨਾਲ ਆਪ ਦੇ ਮਨ ਨੂੰ ਦੁਖੀ ਕੀਤਾ ਅਤੇ ਸੋਚੇ ਬਿਨਾ ਹੀ ਬੋਲ ਦਿੱਤਾ ਕਿ ਆਪ ਕੰਗਾਲ ਹੋ। ਮੈਂ ਸਾਫ ਗਲਤ ਸੀ। ਅਗੋਂ ਤੋਂ ਮੈਂ ਆਪਣੇ ਹਰ ਬੋਲ ਨੂੰ ਸੋਚ ਕੇ, ਤਰਾਜੂ ਤੇ ਤੋਲ ਕੇ ਹੀ ਬੋਲਾਂਗੀ। ਮੈਨੂੰ ਮਾਫ਼ ਕਰ ਦਿਉ।

ਸੋਨੂੰ, ਆਸ਼ਨਾ ਦੇ ਹੰਝੂ ਪੁੰਝਦੀ ਹੋਈ ਬੋਲੀ– ਬੇਟਾ! ਹੁਣ ਤੈਨੂੰ ਮਾਫ਼ੀ ਦੀ ਵੀ ਲੋੜ ਨਹੀਂ ਹੈ ਕਿਉਂਕਿ ਜੋ ਪ੍ਰਾਣੀ ਪਛਤਾਵੇ ਦੇ ਹੰਝੂ ਵਹਾਉਂਦਾ ਹੈ, ਉਸ ਨਾਲ ਉਸ ਦੇ ਸਾਰੇ ਬੁਰੇ ਕ ਅਤੇ ਬੁਰੇ ਕੰਮ ਵਿਚਾਰ ਧੁਪ ਜਾਂਦੇ ਹਨ। ਉਸ ਦਾ ਮਨ ਨਿਰਮਲ ਹੋ ਜਾਂਦਾ ਹੈ।

ਬੇਟਾ ! ਹੁਣ ਤੇਰਾ ਮਨ ਨਿਰਮਲ ਹੈ।

ਆਸ਼ਨਾ ਵਿੱਚ ਅਚਾਨਕ ਆਏ ਇਸ ਪ੍ਰੀਵਰਤਨ ਨੂੰ ਵੇਖ ਕੇ ਉਸ ਦੀ ਮਾ ਨੂੰ ਬੜੀ ਖੁਸ਼ੀ ਹੋਈ। ਹੁਣ ਵਨ ਦਾ ਹਰ ਪ੍ਰਾਣੀ ਆਸ਼ਨਾ ਨਾਲ ਗੱਲ ਕਰਨ ਲਈ ਤਿਆਰ ਰਹਿੰਦਾ।



ਪੜ੍ਹਾਈ ਕਿਵੇਂ ਕਰੀਏ?

ਲੇਖ : ਕਿਸ਼ਨਲਾਲ ਸ਼ਰਮਾ

ਰਮੇਸ਼ ਹਰ ਸਾਲ ਪਹਿਲੇ ਦਰਜ਼ੇ ਵਿੱਚ ਪਾਸ ਹੁੰਦਾ ਸੀ ਲੇਕਿਨ ਇੰਟਰ ਦੀ ਪ੍ਰੀਖਿਆ ਵਿੱਚ ਫੇਲ੍ਹ ਹੋ ਗਿਆ। ਰਾਕੇਸ਼ ਪੜ੍ਹਨ ਵਿੱਚ ਤੇਜ਼ ਨਹੀਂ ਸੀ। ਉਹ ਹਰ ਸਾਲ ਦੂਜੇ ਦਰਜੇ ਵਿੱਚ ਪਾਸ ਹੁੰਦਾ ਸੀ। ਇੰਟਰ ਦੀ ਪ੍ਰੀਖਿਆ ਵਿੱਚ ਵੀ ਉਹ ਦੂਜੇ ਦਰਜ਼ੇ ਵਿੱਚ ਪਾਸ ਹੋ ਗਿਆ।

ਹਰ ਸਾਲ ਪਹਿਲੇ ਦਰਜ਼ੇ ਵਿੱਚ ਪਾਸ ਹੋਣ ਵਾਲਾ ਰਮੇਸ਼ ਇੰਟਰ ਵਿਚੋਂ ਫੇਲ੍ਹ ਹੋ ਗਿਆ ਜਦ ਕਿ ਹਰ ਸਾਲ ਦੂਜੇ ਦਰਜ਼ੇ ਵਿੱਚ ਪਾਸ ਹੋਣ ਵਾਲਾ ਰਾਕੇਸ਼ ਇੰਟਰ ਵਿੱਚੋਂ ਵੀ ਪਾਸ ਹੋ ਗਿਆ। ਅਜਿਹਾ ਕਿਵੇਂ ਹੋਇਆ?

ਰਮੇਸ਼ ਦੀ ਆਦਤ ਸੀ ਰਟਨਾ। ਉਹ ਹਰ ਪ੍ਰਸ਼ਨ ਨੂੰ ਰਟ ਲੈਂਦਾ ਸੀ ਜਦਕਿ ਰਾਕੇਸ਼ ਰਟਨ ਵਿੱਚ ਵਿਸ਼ਵਾਸ ਨਹੀਂ ਕਰਦਾ ਸੀ। ਉਹ ਹਰ ਚੀਜ਼ ਨੂੰ ਸਮਝਣ ਦਾ ਯਤਨ ਕਰਦਾ ਸੀ। ਹਰ ਪ੍ਰਸ਼ਨ ਦਾ ਉਤੱਰ ਸਮਝ ਕੇ ਧਿਆਨ ਵਿੱਚ ਬਿਠਾ ਲੈਂਦਾ ਸੀ।

ਜੋ ਲੋਕ ਰਟਨ ਵਿੱਚ ਵਿਸ਼ਵਾਸ ਕਰਦੇ ਹਨ। ਉਹਨਾਂ ਦੇ ਨਾਲ ਰਮੇਸ਼ ਵਾਂਗ ਹੋ ਸਕਦਾ ਹੈ।ਰਟਨ ਵਿੱਚ ਇਕ ਖਰਾਬੀ ਹੁੰਦੀ ਹੈ। ਅਗਰ ਆਪ ਰਟੀ ਹੋਈ ਚੀਜ਼ ਵਿਚੋਂ ਕੁਝ ਭੁੱਲ ਗਏ ਤਾਂ? ਅਜਿਹੇ ਹਾਲਾਤ ਵਿੱਚ ਆਪ ਦੇ ਸਾਰੇ ਪ੍ਰਸ਼ਨ ਦਾ ਉਤੱਰ ਗੜਬੜਾ ਜਾਏਗਾ। ਲੇਕਿਨ ਆਪ ਨੇ ਕਿਸੇ ਚੀਜ਼ ਨੂੰ ਸਮਝ ਕੇ ਯਾਦ ਕੀਤਾ ਹੈ ਤਾਂ ਅਜਿਹਾ ਨਹੀਂ ਹੋਏਗਾ। ਜੋ ਚੀਜ਼ ਆਪ ਨੇ ਸਮਝ ਕੇ ਯਾਦ ਕੀਤੀ ਹੈ ਉਸ ਦਾ ਉਤੱਰ ਲਿਖਿਆ ਜਾ ਸਕਦਾ ਹੈ।

ਰਮੇਸ਼ ਅਤੇ ਰਾਕੇਸ਼ ਵਰਗੇ ਉਦਾਹਰਣ ਆਪ ਨੂੰ ਅਨੇਕ ਮਿਲ ਸਕਦੇ ਹਨ। ਰਟ ਕੇ ਪੜ੍ਹਨ ਵਾਲੇ ਪਾਸ ਵੀ ਹੁੰਦੇ ਹਨ ਲੇਕਿਨ ਕਦੇ-ਕਦੇ ਫੇਲ ਵੀ ਹੋ ਸਕਦੇ ਹਨ। ਜਦਕਿ ਸਮਝ ਕੇ ਪੜ੍ਹਾਈ ਕਰਨ ਵਾਲੇ ਹਮੇਸ਼ਾਂ ਪਾਸ ਹੋ ਜਾਂਦੇ ਹਨ।

ਬੱਚਿਉ ! ਆਪ ਵੀ ਹਰ ਚੀਜ਼ ਰਟਨ ਦੀ ਆਦਤ ਨਾ ਪਾਉ। ਰਟਨ ਦੀ ਲੋੜ ਨਹੀਂ, ਸਮਝਣ ਦੀ ਲੋੜ ਹੈ। ਸਮਝ ਕੇ ਹੀ ਯਾਦ ਕਰੋ।

❑ ਅਮਨਪ੍ਰੀਤ ਸਿੰਘ

ਮਹਾਨ ਕੌਣ ?

ਕਾਫੀ ਪੁਰਾਣੀ ਗੱਲ ਹੈ। ਇਕ ਵਾਰ ਹੱਥ ਦੀਆਂ ਪੰਜਾਂ ਉਂਗਲਾਂ ਵਿੱਚ ਲੜਾਈ ਪੈ ਗਈ। ਉਹ ਸਾਰੀਆਂ ਆਪਸ ਵਿੱਚ ਲੜ ਰਹੀਆਂ ਸਨ ਅਤੇ ਆਪਣੇ ਆਪ ਨੂੰ ਮਹਾਨ ਦੱਸ ਰਹੀਆਂ ਸਨ। ਸਭ ਤੋਂ ਪਹਿਲਾਂ ਪਹਿਲੀ ਉਂਗਲ ਕਹਿਣ ਲੱਗੀ ਕਿ ਮੈਂ ਤੁਹਾਡੇ ਚਾਰਾਂ ਵਿਚੋਂ ਮਹਾਨ ਹਾਂ ਕਿਉਂਕਿ ਪੀਰਾਂ-ਪੈਗੰਬਰਾਂ ਨੇ ਪ੍ਰਮਾਤਮਾ ਨੂੰ ਇੱਕ ਦੱਸਣ ਲਈ ਮੈਨੂੰ ਹੀ ਵਰਤਿਆ ਸੀ। ਜਦੋਂ ਕਿਸੇ ਨੂੰ ਕੋਈ ਰਸਤਾ ਦੱਸਣਾ ਹੋਵੇ ਤਾਂ ਲੋਕ ਮੈਨੂੰ ਹੀ ਵਰਤਦੇ ਹਨ। ਐਨਾ ਹੀ ਨਹੀਂ ਸਤਿਯੁਗ ਵਿੱਚ ਭਗਵਾਨ ਵਿਸ਼ਨੂ ਨੇ ਮੇਰੇ ਵਿੱਚ ਹੀ ਆਪਣਾ ਸੁਦਰਸ਼ਨ ਚੱਕਰ ਰੱਖਿਆ ਸੀ। ਇਸ ਲਈ ਮੈਂ ਇਨਸਾਨ ਦੇ ਬਹੁਤ ਕੰਮ ਆਉਂਦੀ ਹਾਂ। ਮੈਂ ਬਹੁਤ ਮਹਾਨ ਹਾਂ।

ਹੁਣ ਦੂਸਰੀ ਉਂਗਲ ਉਸ ਨੂੰ ਪਿਛੇ ਕਰਦੀ ਹੋਈ ਕਹਿਣ ਲੱਗੀ – ਮੈਂ ਤੁਹਾਡੇ ਚਾਰਾਂ ਵਿਚੋਂ ਕੱਦ ਵਿੱਚ ਵੱਡੀ ਹਾਂ ਅਤੇ ਮੇਰੇ ਵਿੱਚ ਵੱਡੇ-ਵੱਡੇ ਲੋਕ ਹੀਰਿਆਂ ਮੋਤੀਆਂ ਵਾਲੀਆਂ ਕੀਮਤੀ ਅੰਗੂਠੀਆਂ ਪਹਿਨਦੇ ਹਨ। ਇਸ ਲਈ ਮੈਂ ਤੁਹਾਡੇ ਵਿਚੋਂ ਸਭ ਤੋਂ ਵੱਡੀ ਅਤੇ ਮਹਾਨ ਹਾਂ।

ਹੁਣ ਤੀਸਰੀ ਉਂਗਲ ਵੀ ਆਪਣੀ ਮਹਾਨਤਾ ਦੱਸਣ ਲੱਗੀ। ਉਹ ਕਹਿਣ ਲੱਗੀ – ਮੈਂ ਵੀ ਇਨਸਾਨ ਦੇ ਬਹੁਤ ਕੰਮ ਆਉਂਦੀ ਹਾਂ ਜੇਕਰ ਸ਼ਾਦੀ ਵੇਲੇ ਮੇਰੇ ਵਿੱਚ ਸ਼ਾਦੀ ਵਾਲੀ ਅੰਗੂਠੀ ਨਾ ਪਹਿਨੇ ਤਾਂ ਸ਼ਾਦੀ ਅਧੂਰੀ ਰਹਿੰਦੀ ਹੈ। ਨਾਲੇ ਮੈਂ ਦਿਸਣ ਵਿੱਚ ਵੀ ਬਹੁਤ ਸ਼ਾਂਤ ਹਾਂ। ਇਸ ਲਈ ਮੈਂ ਤੁਹਾਡੇ ਵਿਚੋਂ ਸਭ ਤੋਂ ਮਹਾਨ ਹਾਂ।

ਚੀਚੀ ਵੀ ਕਿਥੇ ਪਿੱਛੇ ਹੱਟਣ ਵਾਲੀ ਸੀ ਉਹ ਵੀ ਕਹਿਣ ਲੱਗੀ – ਮੈਂ ਹਾਂ ਮਹਾਨ ਤੁਹਾਡੇ ਵਿੱਚੋਂ ਭਾਵੇਂ ਮੈਂ ਸਭ ਤੋਂ ਛੋਟੀ ਦਿੱਸਦੀ ਹਾਂ। ਮੈਂ ਤੁਹਾਡੇ ਚਾਰਾਂ ਵਿਚੋਂ ਬਹੁਤ ਖੂਬਸੂਰਤ ਦਿੱਸਦੀ ਹਾਂ। ਐਨਾ ਹੀ ਨਹੀਂ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਦੁਆਪਰ ਵਿੱਚ ਮੇਰੀ ਸਹਾਇਤਾ ਨਾਲ ਹੀ ਇੱਕ ਪਹਾੜ ਨੂੰ ਆਪਣੇ ਉਪਰ ਚੁੱਕਿਆ ਸੀ। ਇਸ ਲਈ ਮੈਂ ਮਹਾਨ ਹਾਂ।

ਅੰਗੂਠਾ ਬਾਕੀ ਬਚਿਆ ਸੀ। ਉਹ ਹਾਲੇ ਚੁੱਪ ਸੀ। ਉਸ ਨੇ ਵੀ ਆਪਣੀ ਚੁੱਪੀ ਤੋੜੀ ਅਤੇ ਕਹਿਣ ਲੱਗਾ – ਮੈਂ ਤੁਹਾਡੇ ਸਾਰਿਆਂ ਵਿਚੋਂ ਦਿਸਣ ਵਿੱਚ ਕਾਫ਼ੀ ਤਕੜਾ ਅਤੇ ਬਲਵਾਨ ਦਿਸਦਾ ਹਾਂ। ਨਾਲੇ ਮੇਰੇ ਇਕ ਅੰਗੂਠੇ ਦੀ ਛਾਪ ਨਾਲ ਇਨਸਾਨ ਕਰੋੜਾਂ ਦੀ ਜ਼ਮੀਨ ਦਾ ਮਾਲਿਕ ਬਣ ਜਾਂਦਾ ਹੈ। ਇਸ ਲਈ ਮੈਂ ਹੀ ਮਹਾਨ ਅਤੇ ਬਲਵਾਨ ਹਾਂ। ਸਾਰੀਆਂ ਉਂਗਲਾ ਆਪਸ ਵਿੱਚ ਝਗੜ ਰਹੀਆਂ ਸਨ। ਸਾਰੀਆਂ ਆਪਣੇ ਆਪ ਨੂੰ ਮਹਾਨ ਦੱਸ ਰਹੀਆਂ ਸਨ।

ਇੰਨੇ ਵਿੱਚ ਹੀ ਉਹਨਾਂ ਦੀਆਂ ਗੱਲਾਂ ਸੁਣ ਕੇ ਦੇਵਤਾ ਪ੍ਰਗਟ ਹੋਇਆ। ਉਸਨੇ ਉਹਨਾਂ ਦਾ ਝਗੜਾ ਮੁਕਾਇਆ ਅਤੇ ਚੁੱਪ ਕਰਾਇਆ। ਉਹ ਉਂਗਲੀਆਂ ਨੂੰ ਕਹਿਣ ਲੱਗਾ ਕਿ ਮੈਂ ਤੁਹਾਡੀਆਂ ਸਭ ਦੀਆਂ ਗੱਲਾਂ ਸੁਣ ਲਈਆਂ ਹਨ। ਮੈਂ ਤੁਹਾਡਾ ਫੈਸਲਾ ਕਰਾਂਗਾ ਕਿ ਤੁਹਾਡੇ ਵਿਚੋਂ ਮਹਾਨ ਕੌਣ ਹੈ।

ਉਗਲੀਆਂ ਪੁੱਛਣ ਲੱਗੀਆਂ – ਤੁਸੀਂ ਕੌਣ ਹੋ ? ਤਾਂ ਉਸ ਨੇ ਕਿਹਾ – ਮੈਨੂੰ ਪ੍ਰਮਾਤਮਾ ਨੇ ਹੀ ਤੁਹਾਡਾ ਫੈਸਲਾ ਕਰਨ ਲਈ ਭੇਜਿਆ ਹੈ। ਦੇਵਤਾ ਕਹਿਣ ਲੱਗਾ ਕਿ ਮੇਰੇ ਕੋਲ ਇੱਕ ਟੁੱਟੀ ਹੋਈ ਮੂਰਤੀ ਹੈ। ਅਗਰ ਤੁਹਾਡੇ ਵਿਚੋਂ ਕਿਸੇ ਨੇ ਵੀ ਉਸ ਨੂੰ ਜੋੜ ਦਿੱਤਾ ਤਾਂ ਉਹ ਸਭ ਤੋਂ ਮਹਾਨ ਹੈ। ਦੇਵਤੇ ਨੇ ਮੂਰਤੀ ਪ੍ਰਗਟ ਕੀਤੀ ਅਤੇ ਸਭ ਨੂੰ ਕਿਹਾ ਕਿ ਇੱਕਲੇ – ਇਕੱਲੇ ਆ ਕੇ ਜੋੜੋ।

ਸਭ ਤੋਂ ਪਹਿਲਾਂ ਪਹਿਲੀ ਉਂਗਲ ਆਈ ਅਤੇ ਕਹਿਣ ਲੱਗੀ ਕਿ ਮੈਂ ਇਸ ਨੂੰ ਮਿੰਟਾਂ ਵਿੱਚ ਜੋੜ ਦੇਵਾਂਗੀ। ਉਹ ਮੂਰਤੀ ਜੋੜਨ ਲੱਗੀ ਪਰ ਇੱਕ ਵੀ ਟੁੱਕੜਾ ਉਹ ਜੋੜ ਨਾ ਸਕੀ। ਉਸ ਨੇ ਕਾਫ਼ੀ ਜ਼ੋਰ ਲਗਾਇਆ। ਫਿਰ ਦੂਸਰੀ ਉਂਗਲ ਵੀ ਉਸ ਨੂੰ ਜੋੜਨ ਲੱਗੀ ਪਰ ਪੰਜਾਂ ਵਿਚੋਂ ਕੋਈ ਵੀ ਮੂਰਤੀ ਨੂੰ ਜੋੜ ਨਾ ਸਕੀਆਂ। ਸਭ ਅਸਫਲ ਰਹੀਆਂ।

ਫਿਰ ਦੇਵਤੇ ਨੇ ਉਹਨਾਂ ਪੰਜਾਂ ਨੂੰ ਮਿਲ ਕੇ ਜੋੜਨ ਲਈ ਕਿਹਾ। ਉਹਨਾਂ ਪੰਜਾਂ ਨੇ ਮਿਲ ਕੇ ਮੂਰਤੀ ਨੂੰ ਜੋੜ ਦਿੱਤਾ। ਤਾਂ ਦੇਵਤਾ ਕਹਿਣ ਲੱਗਾ – ਤੁਹਾਡੇ ਵਿਚੋਂ ਕੋਈ ਵੀ ਛੋਟਾ-ਵੱਡਾ ਨਹੀਂ ਹੈ। ਤੁਸੀਂ ਸਭ ਮਹਾਨ ਹੋ। ਇਸ ਲਈ ਇਹਨਾਂ ਗੱਲਾਂ ਵਿੱਚ ਲੜਾਈ ਝਗੜਾ ਨਹੀਂ ਕਰਨਾ ਚਾਹੀਦਾ। ਪ੍ਰਮਾਤਮਾ ਨੇ ਸਭ ਨੂੰ ਇੱਕ ਬਰਾਬਰ ਬਣਾਇਆ ਹੈ ਅਤੇ ਇਸ ਲਈ ਹਰ ਪਲ ਪ੍ਰਮਾਤਮਾ ਦਾ ਸ਼ੁਕਰੀਆ ਹੀ ਕਰਨਾ ਚਾਹੀਦਾ ਹੈ। ਐਨਾ ਕਹਿ ਕੇ ਦੇਵਤਾ ਅਲੋਪ ਹੋ ਗਿਆ।

ਪਿਆਰੇ ਬੱਚਿਓ ! ਪ੍ਰਮਾਤਮਾ ਨੇ ਸਭ ਨੂੰ ਬਰਾਬਰ ਬਣਾਇਆ ਹੈ। ਸਭ ਵਿੱਚ ਇਕ ਪ੍ਰਮਾਤਮਾ ਦੀ ਜੋਤ ਹੈ। ਇਸ ਲਈ ਕੋਈ ਛੋਟਾ-ਵੱਡਾ ਨਹੀਂ ਹੈ। ਸਾਨੂੰ ਇਹਨਾਂ ਗੱਲਾਂ ਤੇ ਕਦੇ ਵੀ ਲੜਾਈ-ਝਗੜਾ ਨਹੀਂ ਕਰਨਾ ਚਾਹੀਦਾ।



ਵਿਸ਼ੇਸ਼ ਲੇਖ : ਗੋਪਾਲ ਜੀ ਗੁਪਤ

ਕਹਾਣੀ

ਡਾਇਨਾਸੋਰ ਦੀ ਉਸ ਦੀ ਜ਼ੁਬਾਨੀ

ਅੱਜ ਤੋਂ ਕਈ ਸਾਲ ਪਹਿਲਾਂ ਧਰਤੀ ਦਾ ਵਿਕਾਸ ਹੋ ਰਿਹਾ ਸੀ ਤਦ ਚਾਰੇ ਪਾਸੇ ਪਾਣੀ ਹੀ ਪਾਣੀ ਸੀ। ਨਾ ਤਾਂ ਕਿਤੇ ਪਰਬਤ ਸਨ, ਨਾ ਬਨਸਪਤੀਆਂ। ਫਿਰ ਲੱਖਾਂ-ਕਰੋੜਾਂ ਜਵਾਲਾਮੁਖੀ ਧਰਤੀ ਦਾ ਸੀਨਾ ਚੀਰ ਕੇ ਫੁੱਟੇ ਅਤੇ ਧਰਤੀ ਦੇ ਧਰਾਤਲ ਤੇ ਪਠਾਰ ਅਤੇ ਮੈਦਾਨੀ ਇਲਾਕੇ ਬਣਨੇ ਸ਼ੁਰੂ ਹੋਏ। ਅਨੰਤ ਸਾਗਰ ਤੋਂ ਪਰਬਤ ਨਿਕਲਣੇ ਸ਼ੁਰੂ ਹੋਏ। ਅੱਜ ਜਿਥੇ ਪਰਬਤ ਦਿਖਦੇ ਹਨ, ਉਥੇ ਕਦੇ ਵਿਸ਼ਾਲ ਸਾਗਰ ਸੀ, ਅਥਾਹ ਪਾਣੀ ਹੀ ਪਾਣੀ।

ਹੁਣ ਤੋਂ ਲਗਭਗ ਕਰੋੜਾਂ ਸਾਲ ਪਹਿਲਾਂ ਧਰਤੀ ਤੇ ਕੁਝ ਕੁ ਜੀਵਧਾਰੀਆਂ ਦੇ ਜਨਮ ਹੋਏ ਜਿਸ ਵਿੱਚ ਮੈਂ, ਅਰਥਾਤ ਡਾਇਨਾਸੋਰ ਵੀ, ਇਕ ਸੀ। ਤਦ ਮਨੁੱਖ ਦੀ ਹੋਂਦ ਵੀ ਨਹੀਂ ਸੀ। ਹਾਂ ਮੈਂ ਦੱਸ ਰਿਹਾ ਸੀ ਕਿ ਮੇਰੀ ਵੀ ਇਕ ਪ੍ਰਜਾਤੀ ਦਾ ਜਨਮ ਹੋਇਆ। ਹੌਲੀ-ਹੌਲੀ ਮੇਰੀ ਵੰਸ਼-ਵਧਣ ਲੱਗੀ ਅਤੇ ਮੇਰੀਆਂ ਅਨੇਕ ਪ੍ਰਜਾਤੀਆਂ ਪੈਦਾ ਹੋਈਆਂ। ਇਹਨਾਂ ਵਿਚੋਂ ਕੁਝ ਵਿਕਰਾਲ ਸਰੀਰ ਵਾਲੇ ਸਨ, ਕੁਝ ਛੋਟੇ ਆਕਾਰ ਵਾਲੇ, ਕੁਝ ਭਿੰਅਕਰ ਸਨ, ਕੁਝ ਸ਼ਾਂਤ, ਕੁਝ ਚਾਰ ਪੈਰ ਵਾਲੇ ਸਨ, ਕੁਝ ਸ਼ਾਕਾਹਾਰੀ ਸਨ ਅਤੇ ਕੁਝ ਮਾਸਾਹਾਰੀ, ਕੁਝ ਪਾਣੀ ਵਿੱਚ ਰਹਿੰਦੇ ਸਨ, ਕੁਝ ਜਮੀਨ ਤੇ ਯਾਨੀ ਸਾਡੀਆਂ ਸਾਰੀਆਂ ਜਾਤੀਆਂ ਦੇ ਨਿਵਾਸ, ਆਕਾਰ, ਅਹਾਰ, ਪ੍ਰਕ੍ਰਿਤੀ ਵਿੱਚ ਫਰਕ ਸੀ। ਕੁਝ ਜਾਤੀਆਂ ਦੇ ਸਿੰਗ ਵੀ ਸਨ। ਕੁਝ ਅਗੇ ਦੇ ਪੈਰਾਂ ਤੇ ਖੜੇ ਹੋ ਕੇ ਚਲਦੇ ਸਨ, ਕੁਝ ਪਿਛਲੇ ਪੈਰਾਂ ਨਾਲ। ਸਾਡੀ ਸਭ ਤੋਂ ਵੱਡੀ ਪ੍ਰਜਾਤੀ ਦੀ ਲੰਬਾਈ 30 ਮੀਟਰ ਸੀ। ਸਾਡੀ ਲਗਭਗ 250 ਪ੍ਰਜਾਤੀਆਂ ਪੈਦਾ ਹੋ ਗਈਆਂ ਸਨ। ਜਿਹਨਾਂ ਦਾ ਵਜਨ 100 ਟਨ ਤਕ ਸੀ।

ਮਾਦਾ ਇਕ ਵਾਰ ਵਿੱਚ 15-20 ਤਕ ਆਂਡੇ ਦਿੰਦੀ ਸੀ। ਆਂਡੇ ਦੇਣ ਤੋਂ ਪਹਿਲਾਂ ਮਾਦਾ ਲਗਭਗ 45 ਸੈਂਟੀਮੀਟਰ ਵਿਆਸ ਦਾ ਲਗਭਗ 10 ਸੈਂਟੀਮੀਟਰ ਡੂੰਘਾ ਖੱਡਾ ਬਣਾਉਂਦੀ ਸੀ ਅਤੇ ਉਸ ਵਿੱਚ ਆਂਡਾ ਦੇਣ ਦੇ ਬਾਦ ਇਹ ਨਰ ਦੀ ਜਿੰਮੇਵਾਰੀ ਸੀ ਕਿ ਉਹ ਆਂਡਾ ਸੇਕੇ, ਮਾਦਾ ਤਾਂ ਆਂਡਾ ਦੇਣ ਦੇ ਬਾਦ ਚਲੀ ਜਾਂਦੀ ਸੀ। ਸਾਡੇ ਬੱਚੇ ਖੁਦ ਹੀ ਆਂਡੇ ਦਾ ਕਵਚ ਤੋੜ ਕੇ ਬਾਹਰ ਨਿਕਲਦੇ ਸਨ। ਸਾਡੀਆਂ ਕੁਝ ਜਾਤੀਆਂ ਦੇ ਆਂਡੇ ਵ੍ਰਿਤਾਕਾਰ ਹੁੰਦੇ ਸਨ ਕੁਝ ਦੇ ਗੋਲ-ਮਟੋਲ।

ਸਾਡੀ ਪ੍ਰਜਾਤੀ ਨੇ ਇਸ ਧਰਤੀ ਤੇ ਲਗਭਗ ਸਾਢੇ ਚੌਦਾ ਕਰੋੜ ਸਾਲ ਤਕ ਅਟੁੱਟ ਰਾਜ ਕੀਤਾ। ਉਸ ਦੇ ਬਾਦ, ਅਰਥਾਤ ਸਾਢੇ ਛੇ ਕਰੋੜ ਸਾਲ ਪਹਿਲਾਂ, ਇਕ ਬਾਹਰੀ ਗ੍ਰਹਿ ਧਰਤੀ ਨਾਲ ਟਕਰਾਇਆ ਜਿਸ ਨਾਲ ਗੈਸ ਦੇ ਨਾਲ ਮਿਟੀ ਅਤੇ ਇਰੋਡੀਅਮ ਨਾਮਕ ਤੱਤ ਵਾਯੂਮੰਡਲ ਵਿੱਚ ਫੈਲਿਆ ਅਤੇ ਸਾਡੀ ਹੋਂਦ ਖਤਮ ਹੋ ਗਈ। ਅਸੀਂ ਇਸ ਧਰਤੀ ਦੇ ਗਰਭ ਵਿੱਚ ਵਿਲੀਨ ਹੋ ਗਏ ਅਤੇ ਆਪ ਨੂੰ ਆਪਣੀ ਕਹਾਣੀ ਸੁਨਾਉਣ ਲਈ ਮੈਂ ਕੰਕਾਲ ਬਣ ਕੇ ਹੀ ਰਹਿ ਗਿਆ।

ਬ੍ਰਿਟਿਸ਼ ਸਰ ਰਿਚਰਡ ਔਵਨ ਨੇ 19ਵੀਂ ਸ਼ਤਾਬਦੀ ਦੇ ਪੰਜਵੇਂ ਦਸ਼ਕ ਸੰਨ 1842 ਵਿੱਚ, ਸਾਡੇ ਵਿਸ਼ਾਲ ਕੰਕਾਲ ਨੂੰ ਵੇਖ ਕੇ ਸਾਡਾ ਨਾਮਕਰਣ ਕੀਤਾ 'ਡਾਇਨਾਸੋਰ' ਜੋ ਗ੍ਰੀਕ ਸ਼ਬਦ ਡਾਇਨਸ (ਵਿਸ਼ਾਲ) ਸਾਰਸ (ਛਿਪਕਲੀ) ਨੂੰ ਹੀ ਮਿਲਾ ਕੇ ਬਣਿਆ ਸੀ। ਉਂਝ ਸਾਡੀ ਸਭ ਤੋਂ ਛੋਟੀ ਜਾਤੀ ਬਿੱਲੀ ਦੇ ਆਕਾਰ ਦੀ ਵੀ ਸੀ।

ਨੋਬਲ ਪੁਰਸਕਾਰ ਪ੍ਰਾਪਤ ਅਮਰੀਕੀ ਵਿਗਿਆਨਕ ਡਾ: ਲੁਈਸ ਅਲਵਾਰੇਜ ਅਤੇ ਰੂਸੀ ਵਿਗਿਆਨਕ ਮਿਖਾਈਲ ਨਾਜ਼ਰੀਬ ਨੇ ਚਟਾਨਾਂ ਦਾ ਵਿਸ਼ੇਸ਼ ਅਧਿਐਨ ਕੀਤਾ ਅਤੇ ਸਾਡੀ ਹੋਂਦ ਨੂੰ ਮਿਟਾਉਣ ਵਾਲੇ ਗ੍ਰਹਿ ਦੀ ਪੁਸ਼ਟੀ ਵੀ ਕੀਤੀ ਹੈ।

ਚਲਦੇ-ਚਲਦੇ ਮੈਂ ਦੱਸ ਦੇਵਾਂ ਕਿ ਮੇਰੀ ਇਕ ਪ੍ਰਜਾਤੀ 'ਨੈਨਸੀ-ਪਲੇਸੀਓਸੋਰ' ਅੱਜ ਵੀ ਮੌਜੂਦ ਹੈ। ਇਹ ਜਲਚਰ ਅਤੇ ਰੂਸ ਦੀ ਬੈਕਾਲ ਝੀਲ, ਨਿਊਯਾਰਕ ਤੋਂ ਬਾਰਮੇਂਟ ਦੇ ਜਲ ਮਾਰਗ, ਦੱਖਣ ਅਫਰੀਕੀ ਦੀ ਵਿਕਟੋਰੀਆ ਝੀਲ, ਚਿਲੀ, ਨਾਰਵੇ, ਕੋਲੰਬੀਆ, ਆਸਟ੍ਰੇਲੀਆ, ਸਵੀਡਨ, ਆਈਸਲੈਂਡ, ਕਨਾਡਾ ਅਤੇ ਬ੍ਰਿਟੇਨ ਦੀ ਲਾਚ ਨੇਸ ਝੀਲ ਵਿੱਚ ਵੇਖੀ ਗਈ ਹੈ। ਨੈਨਸੀ ਜਲ ਵਿੱਚ 120 ਤੋਂ 125 ਕਿਲੋਮੀਟਰ ਕੀ ਗਤੀ ਨਾਲ ਤੈਰਦੀ ਹੈ। ਇਸ ਦੀ ਲੰਬਾਈ 15 ਤੋਂ 21 ਮੀਟਰ ਦੇ ਵਿੱਚ ਦੀ ਹੁੰਦੀ ਹੈ। ਬਰਮਿੰਘਮ ਯੂਨੀਵਰਸਿਟੀ ਦੇ ਡਾ: ਟਾਮਰ, ਬੋਸਟਨ ਦੇ ਡਾ: ਰਾਇੰਸ, ਅਮਰੀਕਾ ਦੇ ਡਾ: ਜਾਰਜ ਨਿਊਟਨ, ਸ਼ਿਕਾਗੋ ਯੂਨੀਵਰਸਿਟੀ ਦੇ ਡਾ: ਮੈਕਾਲੇ ਆਦਿ ਨੇ ਸੰਨ 1934 ਵਿੱਚ ਬ੍ਰਿਟਿਸ਼ ਅਖਬਾਰਾਂ ਹਚੂਕ ਗ੍ਰੇ ਅਤੇ ਆਰ. ਕੇ. ਵਿਲਸਨ ਦੁਆਰਾ ਨੈਨਸੀ ਦੇ ਖਿਚੇ ਗਏ ਚਿੱਤਰਾਂ ਦੇ ਪ੍ਰਕਾਸ਼ਨ ਦੇ ਬਾਦ ਅਧਿਐਨ ਕੀਤਾ। ਇਹ ਚਿੱਤਰ ਡੇਲੀ ਮੇਲ, ਡੇਲੀ ਰਿਕਾਰਡ, ਡੇਲੀ ਸਕੇਚ ਨਾਮਕ ਸਮਾਚਾਰ-ਪੱਤਰਾਂ ਨੇ ਪ੍ਰਮੁੱਖਤਾ ਨਾਲ ਛਾਪੇ ਸਨ। ਅਕਾਦਮੀ ਆਫ ਅਪਲਾਈਡ ਸਾਈਂਸਜ਼ (ਬੋਸਟਨ) ਨੇ ਡਾ: ਰਾਇੰਸ ਨੇ ਲਾਚ ਨੇਸ ਝੀਲ ਦੇ 8000 ਤੋਂ ਵੀ ਵੱਧ ਚਿੱਤਰ ਖਿਚੇ ਜਿਸ ਵਿੱਚ 'ਨੈਂਸੀ-ਪਲੇਸੀਓਸੋਰ' ਸਪੱਸ਼ਟ ਰੂਪ ਨਾਲ ਸੀ। ਉਹਨਾਂ ਨੇ ਇਹਨੂੰ ਡਾਇਨਾਸੋਰ ਦੀ ਹੀ ਇਕ ਪ੍ਰਜਾਤੀ ਮੰਨਿਆ ਹੈ।

ਵੈਸੇ ਸੰਨ 1981-82 ਵਿੱਚ ਭਾਰਤ ਦੇ ਗੁਜਰਾਤ ਰਾਜ ਵਿੱਚ ਸਾਡੇ ਆਂਡੇ ਦੇ ਜੀਵਾਸ਼ਨ ਮਿਲਣ ਨਾਲ ਭਾਰਤੀ ਵਿਗਿਆਨਕਾਂ ਨੇ ਵੀ ਖੋਜ ਸ਼ੁਰੂ ਕਰ ਦਿੱਤੀ ਅਤੇ ਸਾਡੀ ਮੌਜੂਦਗੀ ਨੂੰ ਇਸ ਭਾਰਤ ਦੀ ਧਰਤੀ ਤੇ ਵੀ ਪ੍ਰਮਾਣਿਤ ਕੀਤਾ।

ਸ਼ਾਇਦ ਕੋਈ ਲੈਬੋਰੇਟਰੀ ਵਿੱਚ ਆ ਰਿਹਾ ਹੈ, ਮੈਂ ਕੰਕਾਲ ਨੂੰ ਬੋਲਦੇ ਵੇਖ ਕੇ ਉਹ ਡਰ ਨਾਲ ਬੇਹੋਸ਼ ਹੋ ਜਾਏਗਾ। ਇਸ ਲਈ ਮੈਂ ਹੁਣ ਚੁੱਪ ਹੋ ਰਿਹਾ ਹਾਂ ਫਿਰ ਕਦੇ ਹੋਰ ਵੀ ਦੱਸਾਂਗਾ।

ਪ੍ਰੇਰਕ-ਪ੍ਰਸੰਗ : ਡਾ: ਬਾਨੋ ਸਰਤਾਜ

ਪੱਥਰ ਦੀ ਗਵਾਹੀ

ਇਕ ਕਾਜ਼ੀ ਸਾਹਿਬ, ਇਕ ਦਿਨ ਅਦਾਲਤ ਪਹੁੰਚੇ ਤਾਂ ਉਹਨਾਂ ਨੂੰ ਅਦਾਲਤ ਦੇ ਸਾਹਮਣੇ ਬਹੁਤ ਭੀੜ ਨਜ਼ਰ ਆਈ। ਉਹ ਅਗੇ ਵਧੇ ਤਾਂ ਭੀੜ ਹਟ ਗਈ। ਉਹਨਾਂ ਨੇ ਵੇਖਿਆ ਕਿ ਸੂਪ ਵੇਚਣ ਵਾਲਾ ਇਕ ਗਰੀਬ ਵਿਅਕਤੀ ਦਹਾੜਾਂ ਮਾਰ-ਮਾਰ ਕੇ ਰੋ ਰਿਹਾ ਹੈ।

ਕਾਜ਼ੀ ਸਾਹਿਬ ਉਸ ਵਿਅਕਤੀ ਨੂੰ ਜਾਣਦੇ ਸਨ। ਉਹ ਉਹਨਾਂ ਦੀ ਅਦਾਲਤ ਦੇ ਬਾਹਰ ਇਕ ਅੰਗੀਠੀ ਤੇ ਦੇਗਚੀ ਰੱਖ ਕੇ ਗਰਮ-ਗਰਮ ਸੂਪ ਬਣਾਉਂਦਾ ਅਤੇ ਡਬਲਰੋਟੀ, ਨਾਨ ਦੇ ਨਾਲ ਵੇਚਦਾ। ਅਦਾਲਤ ਵਿੱਚ ਆਪਣੇ -ਆਪਣੇ ਕੰਮਾਂ ਲਈ ਆਏ ਲੋਕ ਨਾਨ-ਸੂਪ ਲੈ ਕੇ ਖਾਂਦੇ। ਇਹੀ ਉਸ ਦੇ ਰੁਜਗਾਰ ਦਾ ਸਾਧਨ ਸੀ।

ਕਾਜ਼ੀ ਸਾਹਿਬ ਨੇ ਇਧਰ-ਉਧਰ ਨਜ਼ਰਾਂ ਦੌੜਾਈਆਂ ਤਾਂ ਉਹਨੂੰ ਸੂਪ ਦੀ ਦੇਗਚੀ ਜ਼ਮੀਨ ਤੇ ਪਈ ਦਿਖਾਈ ਦਿੱਤੀ। ਸੂਪ ਜ਼ਮੀਨ ਤੇ ਡੁਲਿਆ ਪਿਆ ਸੀ। ਕਾਜ਼ੀ ਸਾਹਿਬ ਸਾਰਾ ਮਾਮਲਾ ਸਮਝ ਗਏ। ਉਹਨਾਂ ਨੇ ਨਰਮ ਆਵਾਜ਼ ਵਿੱਚ ਸੂਪ ਵੇਚਣ ਵਾਲੇ ਤੋਂ ਪੁੱਛਿਆ – ''ਕੀ ਹੋਇਆ, ਕਿਉਂ ਰੋ ਰਹੇ ਹੋ?''

''ਜਨਾਬ, ਮੈਂ ਬਰਬਾਦ ਹੋ ਗਿਆ। ਮੇਰਾ ਸਾਰਾ ਸੂਪ ਮਿੱਟੀ ਵਿੱਚ ਮਿਲ ਗਿਆ। ਹੁਣ ਮੈਂ ਕੀ ਕਰਾਂ? ਮੇਰੀ ਬੀਵੀ-ਬੱਚੇ ਅਸੀਂ ਸਾਰੇ ਭੁੱਖੇ ਰਹਿ ਜਾਵਾਂਗੇ। ਇਸ ਘੁਮੰਡੀ ਆਦਮੀ ਨੇ ਮੇਰਾ ਸੂਪ ਡੋਲ ਦਿੱਤਾ।''

''ਕਾਜ਼ੀ ਸਾਹਿਬ। ਮੇਰੇ ਤੋਂ ਸੁਣੋ ਅਸਲ ਗੱਲ...।'' -ਧਨਵਾਨ ਵਿਅਕਤੀ ਅਗੇ ਵਧ ਕੇ ਬੋਲਿਆ।

ਪਰ ਕਾਜ਼ੀ ਸਾਹਿਬ ਨੇ ਉਹਨੂੰ ਹੱਥ ਦੇ ਸੰਕੇਤ ਨਾਲ ਰੋਕਦੇ ਹੋਏ ਸੂਪ ਵੇਚਣ ਵਾਲੇ ਤੋਂ ਪੁੱਛਿਆ– ''ਇਸ ਨੇ ਤੇਰਾ ਸੂਪ ਕਿਵੇਂ ਡੋਲਿਆ?''

ਸੂਪ ਵਾਲਾ ਬੋਲਿਆ– ''ਇਹ ਆਪਣੇ ਘੁਮੰਡ ਵਿੱਚ ਆਸਮਾਨ ਵੱਲ ਵੇਖਦੇ ਹੋਏ ਚਲ ਕੇ ਆਏ ਅਤੇ ਮੇਰੇ ਨਾਲ ਟਕਰਾ ਗਏ। ਮੈਂ ਬਚਣ ਲਈ ਪਿਛੇ ਹੱਟਿਆ ਤਾਂ ਇਹਨਾਂ ਨੇ ਫਿਰ ਇਕ ਧੱਕਾ ਦੇ ਦਿੱਤਾ। ਮੈਂ ਹੇਠਾਂ ਡਿੱਗ ਪਿਆ। ਅੰਗੀਠੀ ਉਲਟ ਗਈ। ਸੂਪ ਦੀ ਦੇਗਚੀ ਡਿਗ ਗਈ। ਸੂਪ ਮਿੱਟੀ ਵਿੱਚ ਮਿਲ ਗਿਆ। ਹੁਣ ਮੈਂ ਕੀ ਕਰਾਂ?''

ਕਾਜ਼ੀ ਸਾਹਿਬ ਨੇ ਧਨਵਾਨ ਵਿਅਕਤੀ ਵੱਲ ਵੇਖ ਕੇ ਕਿਹਾ – ''ਗਰੀਬ ਵਿਅਕਤੀ ਹੈ। ਇਸ ਦੇ ਨੁਕਸਾਨ ਦੀ ਭਰਪਾਈ ਕਰ ਦਿਉ।''

''ਮੈਂ ਭਰਪਾਈ ਕਿਉਂ ਕਰਾਂ? ਮੈਂ ਤਾਂ ਇਸ ਦਾ ਸੂਪ ਨਹੀਂ ਡੋਲਿਆ''

''ਫਿਰ ਕਿਸ ਨੇ ਡੋਲਿਆ ਹੈ?'' – ਕਾਜ਼ੀ ਸਾਹਿਬ ਨੇ ਗੰਭੀਰਤਾ ਨਾਲ ਪੁੱਛਿਆ।

''ਇਸ ਵੱਡੇ ਪੱਥਰ ਨੇ।'' ਉਸ ਨੇ ਪੱਥਰ ਵੱਲ ਸੰਕੇਤ ਕੀਤਾ। ''ਇਹੀ ਉਹ ਪੱਥਰ ਹੈ ਜਿਸ ਨੇ ਸੂਪ ਵਾਲੇ ਦਾ ਸੂਪ ਡੋਲਿਆ ਹੈ।''

''ਕੀ ਤੇਰੇ ਕੋਲ ਕੋਈ ਗਵਾਹ ਹੈ ਜੋ ਤੁਹਾਡੀ ਗੱਲ ਦਾ ਸਮਰਥਨ ਕਰ ਸਕੇ? ਕਹਿ ਸਕੇ ਕਿ ਸੂਪ ਪੱਥਰ ਨੇ ਡੋਲਿਆ ਹੈ।''

'' ਇਕ ਨਹੀਂ ਕਈ ਹਨ।'' – ਉਸ ਨੇ ਝੱਟ ਨਾਲ ਕਿਹਾ।

''ਤਾਂ ਠੀਕ ਹੈ। ਮੁਲਜਿਮ ਪੱਥਰ ਅਤੇ ਗਵਾਹਾਂ ਦੇ ਨਾਲ ਅਦਾਲਤ ਦੇ ਕਮਰੇ ਵਿੱਚ ਆ ਜਾਉ। ਉਥੇ ਨਿਆਂ ਹੋਏਗਾ।''

ਧਨਵਾਨ ਵਿਅਕਤੀ ਨੇ ਉਹ ਪੱਥਰ ਅਤੇ ਆਪਣੇ ਦੋਸਤਾਂ ਨਾਲ ਅਦਾਲਤ ਦੇ ਕਮਰੇ ਵਿੱਚ ਪਹੁੰਚ ਗਿਆ। ਸੂਪ ਵਾਲਾ ਆਪਣੀ ਬੁਝੀ ਹੋਈ ਅੰਗੀਠੀ ਅਤੇ ਪਿਚਕੀ ਹੋਈ ਦੇਗਚੀ ਦੇ ਨਾਲ ਉਹਨਾਂ ਦੇ ਪਿਛੇ ਸੀ।

ਕਾਜ਼ੀ ਸਾਹਿਬ ਦੇ ਇਸ਼ਾਰੇ ਤੇ ਪੱਥਰ ਵਿਚਕਾਰ ਰੱਖ ਦਿੱਤਾ ਗਿਆ। ਕਾਜ਼ੀ ਸਾਹਿਬ ਨੇ ਧਨਵਾਨ ਵਿਅਕਤੀ ਵੱਲ ਵੇਖਦੇ ਹੋਏ ਕਿਹਾ, ''ਤੇਰਾ ਕਹਿਣਾ ਹੈ ਕਿ ਇਸ ਪੱਥਰ ਨੇ ਸੂਪ ਵਾਲੇ ਨੂੰ ਧੱਕਾ ਦਿੱਤਾ, ਦੇਗਚੀ ਅਤੇ ਅੰਗੀਠੀ ਡੇਗੀ ਜਿਸ ਨਾਲ ਸੂਪ ਜ਼ਮੀਨ ਤੇ ਡੁਲ ਗਿਆ।''

''ਜੀ ਹਾਂ।'' ਧਨਵਾਨ ਵਿਅਕਤੀ ਨੇ ਕਪਟੀ ਮੁਸਕਾਨ ਨਾਲ ਕਿਹਾ।

''ਕੀ ਤੂੰ ਇਹਨੂੰ ਆਪਣੀਆਂ ਅੱਖਾਂ ਨਾਲ ਇਹ ਜ਼ੁਰਮ ਕਰਦੇ ਵੇਖਿਆ ਹੈ?''

''ਜੀ ਹਾਂ।''

''ਕੀ ਤੇਰੇ ਇਲਾਵਾ ਤੇਰੇ ਸੇਵਕਾਂ ਨੇ ਪੱਥਰ ਨੂੰ ਇਹ ਜ਼ੁਰਮ ਕਰਦੇ ਵੇਖਿਆ ਹੈ?''

''ਇਹ ਮੇਰੇ ਸੇਵਕ ਨਹੀਂ ਕਾਜ਼ੀ ਸਾਹਿਬ, ਸ਼ਹਿਰ ਦੇ ਅਮੀਰ ਲੋਕ ਹਨ, ਮੇਰੇ ਦੋਸਤ ਹਨ।''

'' ਕੀ ਤੁਸੀਂ ਵੀ ਅਮੀਰ ਹੋ?'' ਕਾਜ਼ੀ ਸਾਹਿਬ ਨੇ ਪੁੱਛਿਆ।

''ਯਕੀਨਨ ਅਮੀਰ ਹਾਂ। ਅਮੀਰਾਂ ਦੇ ਦੋਸਤ ਅਮੀਰ ਹੀ ਹੋ ਸਕਦੇ ਹਾਂ।''

'ਮਤਲਬ ਕਿ ਤੁਸੀਂ ਸਾਰੇ ਅਮੀਰ ਮਿਲ ਕੇ ਇਕ ਗਰੀਬ ਦਾ ਮਜ਼ਾਕ ਉਡਾ ਰਹੇ ਹੋ?''

ਅਮੀਰ ਹੜਬੜਾ ਗਿਆ ਅਤੇ ਬੋਲਿਆ – '' ਅਜਿਹੀ ਕੋਈ ਗੱਲ ਨਹੀਂ ਹੈ ਕਾਜ਼ੀ ਸਾਹਿਬ, ਅਸੀਂ ਜੋ ਵੇਖਿਆ ਉਹੀ ਬਿਆਨ ਕਰ ਰਹੇ ਹਾਂ?'8

''ਕਿਥੇ ਹਨ ਤੁਹਾਡੇ ਗਵਾਹ? ਇਕ-ਇਕ ਕਰਕੇ ਪੇਸ਼ ਕਰੋ।'' ਕਾਜ਼ੀ ਸਾਹਿਬ ਨੇ ਹੁਕਮ ਦਿੱਤਾ।

ਧਨਵਾਨ ਵਿਅਕਤੀ ਨੇ ਇਕ ਵਿਅਕਤੀ ਵੱਲ ਸੰਕੇਤ ਕੀਤਾ। ਉਸ ਵਿਅਕਤੀ ਨੇ ਕਿਹਾ, '' ਮੈਂ ਪੱਥਰ ਨੂੰ ਅੰਗੀਠੀ ਉਲਟਾਉਂਦੇ ਅਤੇ ਸੂਪ ਡੋਲਦੇ ਵੇਖਿਆ ਹੈ।

ਦੂਸਰਾ ਅਗੇ ਆ ਕੇ ਬੋਲਿਆ– ''ਮੈਂ ਵੀ ਵੇਖਿਆ ਹੈ।''

''ਮੈਂ ਵੀ ਪੱਥਰ ਨੂੰ ਅਜਿਹਾ ਕਰਦੇ ਵੇਖਿਆ ਹੈ।''– ਤੀਸਰੇ ਨੇ ਕਿਹਾ।

ਚੌਥਾ ਵਿਅਕਤੀ ਅਗੇ ਵਧਿਆ ਸੀ ਕਿ ਕਾਜ਼ੀ ਸਾਹਿਬ ਨੇ ਹੱਥ ਚੁੱਕ ਕੇ ਰੋਕ ਦਿੱਤਾ, ਫਿਰ ਪੱਥਰ ਵੱਲ ਵੇਖ ਕੇ ਬੋਲੇ – ''ਗਵਾਹਾਂ ਦੇ ਬਿਆਨ ਦੇ ਮੁਤਾਬਿਕ, ਹੇ ਜਾਲਮ ਪੱਥਰ! ਤੂੰ ਗਰੀਬ ਸੂਪ ਵਾਲੇ ਦੀ ਅੰਗੀਠੀ ਤੋੜੀ ਹੈ, ਦੇਗਚੀ ਪਿਚਕਾਈ ਹੈ, ਸੂਪ ਡੋਲਿਆ ਹੈ। ਕੀ ਤੂੰ ਆਪਣਾ ਜ਼ੁਰਮ ਕਬੂਲ ਕਰਦਾ ਹੈ?''

ਪੱਥਰ ਕੀ ਬੋਲੇ ਭਲਾ?

ਕਾਜ਼ੀ ਸਾਹਿਬ ਨੇ ਆਪਣਾ ਕਲਮਦਾਨ ਉਠਾਇਆ ਅਤੇ ਪੱਥਰ ਵੱਲ ਵੇਖ ਕੇ ਬੋਲੇ – ''ਤੂੰ ਆਪਣਾ ਜ਼ੁਰਮ ਕਬੂਲ ਨਹੀਂ ਕਰ ਰਿਹਾ ਹੈ ਪਰ ਗਵਾਹਾਂ ਦੇ ਬਿਆਨਾਂ ਨਾਲ ਤੇਰੇ ਤੇ ਜ਼ੁਲਮ ਸਾਬਿਤ ਹੁੰਦਾ ਹੈ। ਮੈਂ ਤੈਨੂੰ ਦੱਸ ਕੋੜਿਆਂ ਦੀ ਸਜਾ ਦਿੰਦਾ ਹਾਂ। ਸਜਾ ਹੁਣੇ ਇਸੇ ਵਕਤ ਦਿੱਤੀ ਜਾਏਗੀ।''

ਕਾਜ਼ੀ ਸਾਹਿਬ ਦੇ ਇਸ਼ਾਰੇ ਨਾਲ ਅਦਾਲਤ ਦੇ ਅਹਿਲਕਾਰ ਨੇ ਅਗੇ ਵਧ ਕੇ ਪੱਥਰ ਤੇ ਕੋੜੇ ਵਰਸਾਣੇ ਸ਼ੁਰੂ ਕਰ ਦਿੱਤੇ।

ਧਨਵਾਨ ਵਿਅਕਤੀ ਅਤੇ ਉਸ ਦੇ ਅਮੀਰ ਸਾਥੀ ਚਿਹਰੇ ਹੱਥਾਂ ਵਿੱਚ ਲੁਕੋ ਕੇ ਹੱਸਣ ਲੱਗੇ। ਕਾਜ਼ੀ ਸਾਹਿਬ ਨੇ ਕੜਕ ਕੇ ਪੁੱਛਿਆ –''ਤੁਸੀਂ ਲੋਕ ਹੱਸ ਕਿਉਂ ਰਹੇ ਹੋ?''

ਇਕ ਅਮੀਰ ਬੋਲਿਆ– ''ਪੱਥਰ ਦੀ ਵੀ ਕਿਤੇ ਜ਼ੁਬਾਨ ਹੁੰਦੀ ਹੈ, ਉਹ ਗੁਨਾਹ ਕਿਵੇਂ ਕਬੂਲ ਕਰੇਗਾ?''

''ਪੱਥਰ ਦੀ ਜ਼ੁਬਾਨ ਨਹੀਂ ਹੁੰਦੀ?'' ਕਾਜ਼ੀ ਸਾਹਿਬ ਨੇ ਬਨਾਵਟੀ ਹੈਰਾਨੀ ਨਾਲ ਕਿਹਾ। ਪਰ ਪੱਥਰ ਨੇ ਤਾਂ ਖਾਮੋਸ਼ ਜ਼ੁਬਾਨ ਨਾਲ ਗਵਾਹੀ ਦੇ ਦਿੱਤੀ ਹੈ।

''ਅਸੀਂ ਤਾਂ ਨਹੀਂ ਸੁਣਿਆ।'' – ਦੂਸਰੇ ਨੇ ਹੱਸਦੇ ਹੋਏ ਕਿਹਾ।

''ਖੂਬ, ਬਹੁਤ ਖੂਬ।'' ਕਾਜ਼ੀ ਸਾਹਿਬ ਮੁਸਕਰਾ ਪਏ। ਪੱਥਰ ਨੇ ਨਾ ਸਹੀ ਤੂੰ ਤਾਂ ਜ਼ੁਰਮ ਕਬੂਲ ਕਰ ਲਿਆ। ਪੱਥਰ ਦੀ ਗਵਾਹੀ ਤੇ ਹੀ ਨਾ।

''ਅਸੀਂ? ਅਸੀਂ ਕਿਹੜਾ ਜ਼ੁਰਮ ਕਬੂਲ ਕੀਤਾ?'' ਉਹ ਸਭ ਹੜਬੜਾ ਗਏ।

ਹਰੇਕ ਪ੍ਰਾਣੀ ਦੀ ਜ਼ੁਬਾਨ ਹੁੰਦੀ ਹੈ ਚਾਹੇ ਉਹ ਇਨਸਾਨ ਹੋਵੇ ਜਾਂ ਹੈਵਾਨ। ਹੁਣ ਕਿਉਂਕਿ ਪੱਥਰ ਦੀ ਜ਼ੁਬਾਨ ਨਹੀਂ ਹੈ, ਇਸ ਲਈ ਉਹ ਜਾਨਦਾਰ ਨਹੀਂ ਹੈ, ਨਾ ਹੀ ਉਹ ਅੰਗੀਠੀ ਤੋੜ ਸਕਦਾ ਹੈ ਅਤੇ ਨਾ ਉਹ ਦੇਗਚੀ ਪਿਚਕਾ ਸਕਦਾ ਹੈ, ਨਾ ਸੂਪ ਡੋਲ ਸਕਦਾ ਹੈ। ਤੁਸੀਂ ਸਾਰੇ ਸ਼ਰੀਫ ਆਦਮੀਆਂ ਨੇ ਅਦਾਲਤ ਵਿੱਚ ਝੂਠੀ ਗਵਾਹੀ ਦਿੱਤੀ ਹੈ ਇਸ ਲਈ ਤੁਹਾਨੂੰ ਸਾਰਿਆਂ ਨੂੰ ਚਾਲੀ-ਚਾਲੀ ਕੋੜਿਆਂ ਦੀ ਸਜਾ ਦਿੱਤੀ ਜਾਂਦੀ ਹੈ। ਚਲੋ ਸ਼ੁਰੂ ਹੋ ਜਾਉ। ਕਾਜ਼ੀ ਸਾਹਿਬ ਨੇ ਅਹਿਲਕਾਰ ਨੂੰ ਕਿਹਾ।

ਉਹ ਅਗੇ ਵਧਿਆ ਸੀ ਕਿ ਕਾਜ਼ੀ ਸਾਹਿਬ ਨੇ ਕਿਹਾ– ''ਰੁਕੋ, ਪਹਿਲਾਂ ਉਸ ਅਮੀਰ ਨੂੰ ਸੌ ਕੋਹੜੇ ਮਾਰੋ ਜਿਸ ਨੇ ਇਕ ਗਰੀਬ ਤੇ ਜ਼ੁਲਮ ਕੀਤਾ ਹੈ।''

ਧਨਵਾਨ ਵਿਅਕਤੀ ਦੇ ਪਸੀਨੇ ਛੁੱਟ ਗਏ। ਗਿੜਗਿੜਾ ਕੇ ਬੋਲਿਆ– ''ਮੈਨੂੰ ਮਾਫ਼ ਦਿਉ। ਮੈਂ ਇਸ ਗਰੀਬ ਦੇ ਨੁਕਸਾਨ ਦੀ ਭਰਪਾਈ ਦੇ ਤੌਰ ਤੇ ਉਹਨੂੰ ਸੌ ਸਿੱਕੇ ਦੇਣ ਲਈ ਤਿਆਰ ਹਾਂ।'' ਉਸ ਨੇ ਜ਼ੇਬ ਵਿਚੋਂ ਸਿੱਕੇ ਕੱਢ ਕੇ ਕਾਜ਼ੀ ਸਾਹਿਬ ਦੇ ਸਾਹਮਣੇ ਰੱਖ ਦਿੱਤੇ।

''ਅਦਾਲਤ ਤੈਨੂੰ ਮਾਫ਼ ਕਰਦੀ ਹੈ।'' – ਕਾਜ਼ੀ ਸਾਹਿਬ ਨੇ ਕਿਹਾ। ਇਹ ਸੁਣਦੇ ਹੀ ਬਾਕੀ ਅਮੀਰ ਵੀ ਅਗੇ ਵੱਧ ਕੇ ਬੋਲੇ– ''ਸਾਡੀ ਸਜਾ ਵੀ ਮਾਫ਼ ਕਰ ਦਿਉ। ਅਸੀਂ ਚਾਲੀ-ਚਾਲੀ ਸਿੱਕੇ ਪੀੜਤ ਨੂੰ ਦੇਣ ਲਈ ਤਿਆਰ ਹਾਂ।''

ਕਾਜ਼ੀ ਸਾਹਿਬ ਨੇ ''ਹਾਂ'' ਵਿੱਚ ਸਿਰ ਹਿਲਾਇਆ। ਝੂਠੀ ਗਵਾਹੀ ਦੇਣ ਵਾਲਿਆਂ ਨੇ ਸਿੱਕੇ ਢੇਰ ਕਰ ਦਿੱਤੇ।

ਕਾਜ਼ੀ ਸਾਹਿਬ ਨੇ ਸੂਪ ਵਾਲੇ ਨੂੰ ਕਿਹਾ – ''ਇਹ ਸਿੱਕੇ ਉਠਾ ਲਉ। ਇਹ ਤੇਰੇ ਲਈ ਹਨ। ਇਸ ਰਕਮ ਨਾਲ ਤੂੰ ਇਕ ਛੋਟੀ ਜਿਹੀ ਦੁਕਾਨ ਖੋਲ੍ਹ ਲੈ। ਸੂਪ ਦੇ ਨਾਲ ਨਾਨ ਤਾਂ ਵੇਚਦਾ ਹੀ ਹੈ, ਚਾਵਲ ਵੀ ਬਣਾ ਕੇ ਵੇਚਣਾ। ਚੰਗੀ ਕਮਾਈ ਹੋਏਗੀ।''

ਸੂਪ ਵਾਲਾ ਰਕਮ ਲੈ ਕੇ ਖੁਸ਼ੀ-ਖੁਸ਼ੀ ਚਲਾ ਗਿਆ। ■

ਕਦੇ ਨਾ ਭੁੱਲੋ

- ਗੁਰੂ ਦੇ ਆਦੇਸ਼ ਹੀ ਜੀਵਨ ਨੂੰ ਸਫਲ ਬਣਾਉਂਦੇ ਹਨ।

– ਨਿਰੰਕਾਰੀ ਬਾਬਾ ਜੀ

- ਜੋ ਬਾਲਕ ਮਿਹਨਤ ਕਰਦੇ ਹਨ, ਉਹ ਸਦਾ ਸਫਲ ਹੁੰਦੇ ਹਨ। ਇਸ ਗੱਲ ਨੂੰ ਯਾਦ ਰੱਖੋ, ਜਦ ਤਕ ਤੁਸੀਂ ਸਖਤ ਮਿਹਨਤ ਕਰਨਾ ਨਹੀਂ ਸਿਖਦੇ ਤਦ ਤਕ ਤੁਹਾਨੂੰ ਸਫਲਤਾ ਦੀ ਆਸ਼ਾ ਨਹੀਂ ਕਰਨੀ ਚਾਹੀਦੀ। ਸਫਲਤਾ ਲਈ ਦ੍ਰਿੜ-ਨਿਸ਼ਚਾ ਅਤੇ ਕਠਿਨ ਮਿਹਨਤ ਦੀ ਲੋੜ ਹੈ।
- ਸਿਧਾਤਾਂ ਵਾਲਾ ਇਨਸਾਨ ਬਣਨ ਦੀ ਕੋਸਿਸ਼ ਕਰੋ।

– ਅਲਬਰਟ ਆਈਨਸਟੀਨ

- ਜ਼ਿਆਦਾ ਧਨ ਹੋਣ ਤੇ ਵੀ ਜੋ ਚਿੰਤਿਤ ਹੈ। ਉਹ ਸਭ ਤੋਂ ਵੱਡਾ ਨਿਰਧਨ ਹੈ।ਘੱਟ ਧਨ ਰਹਿਣ ਤੇ ਵੀ ਜੋ ਸੰਤੁਸ਼ਟ ਰਹਿੰਦਾ ਹੈ ਉਹੀ ਸਭ ਤੋਂ ਵੱਡਾ ਧਨੀ ਹੈ।
- ਮਨੁੱਖ ਦੇ ਮਨ ਵਿੱਚ ਸੰਤੋਖ ਹੋਣਾ ਸਵਰਗ ਪ੍ਰਾਪਤ ਕਰਨ ਦੇ ਬਰਾਬਰ ਹੈ।

– ਵੇਦਾਵਿਆਸ

- ਗੁਜਰੀ ਹੋਈ ਗੱਲ ਲਈ ਸੋਕ ਮਨਾਉਣਾ ਅਤੇ ਭਵਿੱਖ ਦੇ ਲਈ ਵਿਅਰਥ ਚਿੰਤਾ ਨਾ ਕਰਕੇ ਵਰਤਮਾਨ ਲਈ ਯਤਨਸ਼ੀਲ ਰਹਿਣਾ ਵਾਲਾ ਹੀ ਗਿਆਨੀ ਹੈ।

– ਚਾਣਕਯ

- ਜੋ ਮਨੁੱਖ ਖੂਬ ਸੋਚ-ਵਿਚਾਰ ਕੇ ਕੰਮ ਕਰਦਾ ਹੈ। ਸ਼ੁਰੂ ਕੀਤੇ ਕੰਮ ਨੂੰ ਬਿਨਾ ਖ਼ਤਮ ਕੀਤੇ ਨਹੀਂ ਛੱਡਦਾ, ਕਿਸੇ ਵੀ ਸਮੇਂ ਕੰਮ ਕਰਨ ਤੋਂ ਮੂੰਹ ਨਹੀਂ ਮੋੜਦਾ ਅਤੇ ਇੰਦਰੀਆਂ ਨੂੰ ਵਸ਼ ਵਿੱਚ ਰੱਖਦਾ ਹੈ, ਉਹੀ ਪੰਡਿਤ ਹੈ।

– ਵਿਦੁਰ

- ਅਗਰ ਆਪ ਚਾਹੁੰਦੇ ਹੋ ਕਿ ਚੰਗੇ ਲੋਕ ਤੁਹਾਡੇ ਨਾਲ ਘ੍ਰਿਣਾ ਨਾ ਕਰਨ ਤਾਂ ਸ਼ਿਸ਼ਟਾਚਾਰ ਦੇ ਨਿਯਮਾਂ ਦਾ ਸਾਵਧਾਨੀ ਨਾਲ ਪਾਲਨ ਕਰੋ।
- ਸਦਾ ਸਤਿ ਬੋਲੋ। ਝੂਠ ਬੋਲਣ ਵਾਲਿਆਂ ਦਾ ਲੋਕ ਤਿਰਸਕਾਰ ਕਰਦੇ ਹਨ।

– ਸਵਾਮੀ ਸ਼ਰਧਾਨੰਦ

- ਜਦ ਦੂਸਰੇ ਗਲਤੀਆਂ ਕਰਦੇ ਹਨ ਤਾਂ ਉਹਨਾਂ ਨੂੰ ਗਿਣਦੇ ਨਾ ਰਹੀਏ, ਉਹਨਾਂ ਦਾ ਵਿਸ਼ਵਾਸ ਜਿੱਤੀਏ ਤਾਂਕਿ ਉਹਨਾਂ ਦੀਆਂ ਕਮਜ਼ੋਰੀਆਂ ਨੂੰ ਮਿਟਾਉਣ ਵਿੱਚ ਸਹਿਯੋਗ ਦੇ ਸਕੀਏ।

– ਲੋਕੋਕਿਤ

❑ ਸੰਗ੍ਰਹਿ ਕਰਤਾ : ਮਹੰਥ ਰਾਜਪਾਲ

❑ ਕਿਸ਼ੋਰ ਡੈਨੀਅਲ

ਪੰਛੀਆਂ ਦਾ ਰਾਜਾ
ਗਰੁੜ

ਜਾਨਵਰਾਂ ਵਿਚੋਂ ਜਿਵੇਂ ਸ਼ੇਰ ਨੂੰ ਜੰਗਲ ਦਾ ਰਾਜਾ ਕਿਹਾ ਜਾਂਦਾ ਹੈ। ਇੰਝ ਹੀ ਪੰਛੀਆਂ ਵਿੱਚ ਗਰੁੜ ਨੂੰ ਪੰਛੀਆਂ ਦਾ ਰਾਜਾ ਕਿਹਾ ਜਾਂਦਾ ਹੈ। ਗਰੁੜ ਵੇਖਣ ਵਿੱਚ ਤਾਂ ਸੁੰਦਰ ਹੁੰਦਾ ਹੀ ਹੈ ਨਾਲ ਹੀ ਉਸ ਵਿੱਚ ਪੰਛੀਆਂ ਦੀ ਤੁਲਨਾ ਵਿੱਚ ਤਾਕਤ ਵੀ ਜ਼ਿਆਦਾ ਹੁੰਦੀ ਹੈ। ਇਹ ਆਪਣੀ ਤਿੱਖੀ ਅਤੇ ਮਜ਼ਬੂਤ ਚੁੰਝ ਅਤੇ ਨਹੁੰਆਂ ਵਿੱਚ ਛੋਟੇ ਜੀਵਾਂ ਨੂੰ ਉਠਾ ਕੇ ਲੈ ਜਾਣ ਦੀ ਤਾਕਤ ਰੱਖਦਾ ਹੈ। ਇਹ ਸੱਪ ਨੂੰ ਵੀ ਉਠਾ ਕੇ ਲੈ ਜਾਂਦਾ ਹੈ ਅਤੇ ਖਾ ਜਾਂਦਾ ਹੈ।

ਗਰੁੜ ਦੀਆਂ ਉਂਝ ਤਾਂ ਕਈ ਜਾਤੀਆਂ ਪਾਈਆਂ ਜਾਂਦੀਆਂ ਹਨ ਪਰ ਮੁਖ ਰੂਪ ਵਿੱਚ ਚਾਰ ਜਾਤੀਆਂ ਹੀ ਵੇਖਣ ਨੂੰ ਮਿਲਦੀਆਂ ਹਨ। ਇਹ ਹਨ- ਸੁਨਹਿਰਾ ਗਰੁੜ, ਸ਼ਿਖਾਧਾਰੀ ਗਰੁੜ, ਭੂਰੇ ਰੰਗ ਦਾ ਗਰੁੜ ਅਤੇ ਮੱਛੀ ਖਾਣ ਵਾਲਾ ਗਰੁੜ।

ਸੁਨਹਿਰਾ ਗਰੁੜ : ਇਹ ਲਾਲ ਅਤੇ ਭੂਰੇ ਰੰਗ ਦਾ ਹੁੰਦਾ ਹੈ। ਆਕਾਰ ਵਿੱਚ ਇਹ ਤਿੰਨ ਫੁੱਟ ਤੋਂ ਵੀ ਵੱਡਾ ਹੁੰਦਾ ਹੈ। ਇਸ ਦੇ ਸਿਰ ਅਤੇ ਗਰਦਨ ਦਾ ਰੰਗ ਪੀਲਾ ਹੁੰਦਾ ਹੈ। ਇਹ ਗਰੁੜ ਅਕਸਰ ਮਾਦਾ ਦੇ ਨਾਲ ਆਕਾਸ਼ ਵਿੱਚ ਉਡਦਾ ਹੈ। ਕਦੇ-ਕਦਾਈ ਇੱਕਲਾ ਵੀ ਉੜਾਣ ਭਰ ਲੈਂਦਾ ਹੈ। ਇਹ ਪਹਾੜੀ ਅਤੇ ਮੈਦਾਨੀ ਇਲਾਕਿਆਂ ਵਿੱਚ ਰਹਿ ਲੈਂਦਾ ਹੈ। ਹਿਮਾਲਯ ਦੇ ਪਹਾੜੀ ਇਲਾਕਿਆਂ ਵਿੱਚ ਕਈ ਸੁਨਹਿਰੇ ਗਰੁੜ ਮਿਲਦੇ ਹਨ।

ਇਹ ਆਂਡੇ ਦੇਣ ਲਈ ਚਟਾਨਾਂ ਦੀ ਚੋਟੀ ਤੇ ਤਿਨਕਿਆਂ ਦੀ ਸਹਾਇਤਾ ਨਾਲ ਮਜ਼ਬੂਤ ਆਲ੍ਹਣਾ ਬਣਾਉਂਦੇ ਹਨ। ਮਾਦਾ ਗਰੁੜ ਇਕ ਵਾਰ ਵਿੱਚ ਦੋ ਆਂਡੇ ਦਿੰਦੀ ਹੈ। 40 ਦਿਨ ਤਕ ਆਂਡੇ ਸੇਕਣ ਦੇ ਬਾਦ ਇਹਨਾਂ ਦੇ ਬੱਚੇ ਆਂਡੇ ਤੋਂ ਬਾਹਰ ਆਉਂਦੇ ਹਨ ਅਤੇ ਲਗਭਗ ਦਸ ਹਫ਼ਤੇ ਦੇ ਬਾਦ ਇਹਨਾਂ ਦੇ ਬੱਚੇ ਆਲ੍ਹਣੇ ਤੋਂ ਨਿਕਲ ਜਾਂਦੇ ਹਨ।

ਸ਼ਿਖਾਧਾਰੀ ਗਰੁੜ : ਗੂੜੇ ਕਥੱਈ ਰੰਗ ਵਾਲੇ ਇਸ ਗਰੁੜ ਦੇ ਸਿਰ ਤੇ ਪਿਛੇ ਵੱਲ ਕਾਲੇ ਅਤੇ ਸਫੈਦ ਰੰਗ ਦੀ ਚੋਟੀ (ਕਲਗੀ) ਸਪੱਸ਼ਟ ਰੂਪ ਨਾਲ ਦਿਖਾਈ ਦਿੰਦੀ ਹੈ। ਗਿਰਗਟ, ਡੱਡੂ, ਸੱਪ, ਜੰਗਲੀ ਮੁਰਗੀ ਆਦਿ ਇਸ ਦੇ ਮੁਖ ਭੋਜਨ ਹਨ। ਸ਼ਿਖਾਧਾਰੀ ਗਰੁੜ ਦੀ ਮਾਦਾ ਸਿਰਫ ਇਕ ਹੀ ਆਂਡਾ ਦਿੰਦੀ ਹੈ। ਹਿਮਾਚਲ ਅਤੇ ਉੱਤਰ ਭਾਰਤ ਦੇ ਪਰਬਤੀ ਪ੍ਰਦੇਸ਼ਾਂ ਵਿੱਚ ਪਾਈ ਜਾਣ ਵਾਲੀ ਗਰੁੜ ਦੀ ਇਹ ਪ੍ਰਜਾਤੀ 'ਸਪਿਲੋਨਿਰਸ ਚੀਲ' ਕਹਾਉਂਦੀ ਹੈ।

ਭੂਰੇ ਰੰਗ ਦਾ ਗਰੁੜ : ਭਾਰਤ ਦੇ ਭਾਰੀ ਵਰਖਾ ਵਾਲੇ ਖੇਤਰਾਂ ਨੂੰ ਛੱਡ ਕੇ ਇਹ ਗਰੁੜ ਹਮੇਸ਼ਾਂ ਸਾਰੇ ਖੇਤਰਾਂ ਵਿੱਚ ਮਿਲ ਜਾਂਦਾ ਹੈ। ਇਸ ਦੇ ਸਰੀਰ ਤੇ ਕਈ ਰੰਗਾਂ ਦੀ ਚਮਕ ਹੁੰਦੀ ਹੈ। ਇਸ ਦੀ ਚੁੰਝ ਮੋਟੀ ਮਜ਼ਬੂਤ, ਤਿਰਛੀ ਅਤੇ ਤਿਖੀ ਹੁੰਦੀ ਹੈ। ਇਸ ਦੇ ਦੋਵੇਂ ਪੈਰ ਉਗਲੀਆਂ ਤਕ ਖੰਭਾਂ ਨਾਲ ਢੱਕੇ ਰਹਿੰਦੇ ਹਨ।

ਇਸ ਪ੍ਰਜਾਤੀ ਦੀ ਮਾਦਾ ਗਰੁੜ, ਨਰ ਗਰੁੜ ਤੋਂ ਵੱਡੀ ਹੁੰਦੀ ਹੈ। ਨਰ ਅਤੇ ਮਾਦਾ ਦੋਵੇਂ ਅਕਾਸ਼ ਵਿੱਚ ਘੁੰਮ ਕੇ ਆਪਣਾ ਭੋਜਨ ਤਲਾਸ਼ਦੇ ਹਨ। ਇਹ ਗਰੁੜ ਛੋਟੇ ਖਰਗੋਸ਼, ਮੁਰਗੀ, ਚੂਹੇ, ਸੱਪ ਆਦਿ ਨੂੰ ਆਪਣੇ ਪੰਜਿਆਂ ਨਾਲ ਉਠਾ ਕੇ ਲੈ ਜਾਂਦੇ ਹਨ ਅਤੇ ਆਰਾਮ ਨਾਲ ਕਿਸੇ ਉਚੀ ਚਟਾਨ ਜਾਂ ਰੁੱਖ ਤੇ ਬੈਠ ਕੇ ਖਾਂਦੇ ਹਨ। ਇਹ ਆਪਣਾ ਆਲ੍ਹਣਾ ਕਿੱਕਰ ਵਰਗੇ ਕੰਡੇਦਾਰ ਰੁੱਖਾਂ ਦੀਆਂ ਚੋਟੀਆਂ ਤੇ ਬਣਾਉਂਦੇ ਹਨ।

ਮੱਛੀ ਖਾਣ ਵਾਲਾ ਗਰੁੜ : ਇਸ ਗਰੁੜ ਦਾ ਮੁਖ ਭੋਜਨ ਮੱਛੀਆਂ ਹਨ। ਇਸ ਲਈ ਇਸ ਨੂੰ ਮੱਛੀ ਖਾਣ ਵਾਲਾ ਕਹਿੰਦੇ ਹਨ। ਇਹ ਵਿਸ਼ੇਸ਼ ਕਰਕੇ ਉਤਰ ਭਾਰਤ, ਅਸਾਮ ਅਤੇ ਪਾਕਿਸਤਾਨ ਵਿੱਚ ਮਿਲਦਾ ਹੈ। ਇਸ ਦੇ ਖੰਭ ਕਾਲੇ, ਸਿਰ, ਪੇਟ ਅਤੇ ਪਿੱਠ ਦਾ ਰੰਗ ਸਫੈਦ ਅਤੇ ਸੁਨਹਿਰਾ ਪੀਲਾ ਹੁੰਦਾ ਹੈ। ਸਰਦੀਆਂ ਦੇ ਦਿਨਾਂ ਵਿੱਚ ਇਹ ਨਦੀਆਂ, ਤਾਲਾਬਾਂ, ਝੀਲਾਂ ਦੇ ਨੇੜੇ ਰਹਿੰਦਾ ਹੈ। ਇਥੇ ਹੀ ਉਹ ਅਕਸਰ ਮੱਛੀਆਂ ਦੇ ਸ਼ਿਕਾਰ ਕਰਦਾ ਹੈ। ਇਹ ਆਪਣਾ ਆਲ੍ਹਣਾ ਉਚੇ ਰੁੱਖਾਂ ਤੇ ਬਣਾਉਂਦਾ ਹੈ ਜਿਸ ਵਿੱਚ ਮਾਦਾ ਗਰੁੜ ਦੋ ਜਾਂ ਤਿੰਨ ਆਂਡੇ ਦਿੰਦੀ ਹੈ।

ਬਾਲ ਕਹਾਣੀ : ਸਿਵਚਰਣ

ਸੀਪ ਦਾ ਮੋਤੀ

ਇਕ ਸੀ ਮੱਛੀ। ਉਹ ਸਾਗਰ ਵਿੱਚ ਰਹਿੰਦੀ ਸੀ। ਉਸ ਦਾ ਰੰਗ ਸੁਨਹਿਰਾ ਸੀ। ਉਹਨੂੰ ਸਾਰੇ ਸੋਨਾ ਮੱਛੀ ਕਹਿੰਦੇ ਸਨ। ਉਸ ਦੇ ਸਾਰੇ ਸਰੀਰ ਤੇ ਸੋਨੇ ਦੀਆਂ ਧਾਰੀਆਂ ਸਨ। ਇਸ ਲਈ ਸਾਗਰ ਵਿੱਚ ਰਹਿਣ ਤੇ ਵੀ ਉਸ ਦੇ ਸਰੀਰ ਵਿੱਚ ਪਾਣੀ ਨਹੀਂ ਜਾਂਦਾ ਸੀ। ਸੋਨਾ ਮੱਛੀ ਦਾ ਸਰੀਰ ਲੰਬਾ ਸੀ ਅਤੇ ਪਿਛੇ ਇਕ ਪੂਛ ਸੀ। ਪਾਣੀ ਵਿੱਚ ਉਹ ਬੜੀ ਤੇਜ਼ੀ ਨਾਲ ਚਲਦੀ ਸੀ। ਸਾਹ ਲੈਣ ਲਈ ਉਸ ਦੇ ਗਲੇ ਵਿੱਚ ਇਕ ਝਾਲਰ ਸੀ।

ਸੋਨਾ ਮੱਛੀ ਨੂੰ ਸਾਗਰ ਵਿੱਚ ਘੁੰਮਦੇ-ਘੁੰਮਦੇ ਇਕ ਮੋਤੀ ਮਿਲਿਆ। ਮੋਤੀ ਬਹੁਤ ਸੁੰਦਰ ਸੀ। ਸੋਨਾ ਨੂੰ ਮੋਤੀ ਬੜਾ ਚੰਗਾ ਲੱਗਾ। ਉਸ ਦੇ ਮਨ ਵਿੱਚ ਆਇਆ ਮੋਤੀ ਨੂੰ ਧਾਗੇ ਵਿੱਚ ਪਿਰੋ ਕੇ ਗਲੇ ਵਿੱਚ ਪਹਿਨ ਲਵਾਂ। ਪਰ ਅੰਤਰਮਨ ਤੋਂ ਆਵਾਜ਼ ਆਈ 'ਨਹੀਂ'।

ਸੰਭਵ ਹੈ ਕਿਸੇ ਦਾ ਮੋਤੀ ਗਵਾਚ ਗਿਆ ਹੋਵੇ ਤਾਂ ਉਹ ਦੁਖੀ ਹੋਏਗਾ। ਮੋਤੀ ਵੀ ਕੀਮਤੀ ਹੈ। ਇਧਰ-ਉਧਰ ਪਤਾ ਕਰਾਂ ਅਤੇ ਮੋਤੀ ਦੇ ਮਾਲਿਕ ਨੂੰ ਮੋਤੀ ਸੌਂਪ ਦੇਵਾਂ।

ਇਹ ਸੋਚ ਕੇ ਸੋਨਾ ਸਾਗਰ ਵਿੱਚ ਮੋਤੀ ਦੇ ਮਾਲਿਕ ਨੂੰ ਲੱਭਣ ਲਈ ਨਿਕਲ ਪਈ। ਉਹ ਕੁਝ ਅਗੇ ਵਧੀ ਕਿ ਉਹਨੂੰ ਮੋਟੇ ਸਿਰ ਵਾਲਾ ਆਕਟੋਪਸ ਦਿਖਾਈ ਪਿਆ। ਸੋਨਾ ਨੇ ਉਸ ਨੂੰ ਰੋਕਿਆ ਅਤੇ ਮੋਤੀ ਵਿਖਾ ਕੇ ਪੁੱਛਿਆ– 'ਕਿਉਂ ਭਾਈ, ਆਪ ਦਾ ਇਹ ਮੋਤੀ ਕਿਤੇ ਗਵਾਚ...?

ਆਕਟੋਪਸ ਨੇ ਮੋਤੀ ਨੂੰ ਉਲਟ-ਪਲਟ ਕੇ ਵੇਖਿਆ। ਮੋਤੀ ਦੀ ਚਮਕ ਵੇਖ ਕੇ ਉਸ ਦਾ ਮਨ ਲਲਚਾਇਆ ਅਤੇ ਸੋਚਿਆ 'ਹਾਂ' ਕਰ ਦੇਵਾ। ਪਰ ਅੰਤਰਮਨ ਨੇ 'ਨਾਂਹ' ਕਰ ਦਿਤੀ। ਦੂਸਰੇ ਦੀ ਚੀਜ਼ ਲੈਣ ਤੋਂ ਮਨਾ ਕਰ ਦਿਤਾ। ਉਸ ਨੇ ਸੋਨੂੰ ਨੂੰ ਮੋਤੀ ਵਾਪਸ ਕਰਕੇ ਕਿਹਾ –' ਮੋਤੀ ਮੇਰਾ ਨਹੀਂ ਹੈ।' ਅਤੇ ਜਲਦੀ ਨਾਲ ਉਥੋਂ ਅਗੇ ਵਧ ਗਿਆ।

ਸੋਨਾ ਮੱਛੀ ਇਧਰ-ਉਧਰ ਵੇਖਦੇ ਹੋਏ ਅਗੇ ਵਧੀ। ਜਿਉਂ ਹੀ ਕੁਝ ਦੂਰ ਚਲੀ ਕਿ ਉਹਨੂੰ ਇਕ ਪਾਰਦਰਸ਼ਕ ਮੱਛੀ ਮਿਲੀ। ਇਸ ਮੱਛੀ ਦੇ ਕਈ ਲਟਕਣਾ ਸਨ। ਸੋਨਾ ਨੇ ਇਹਨੂੰ ਆਵਾਜ਼ ਦੇ ਕੇ



ਰੋਕਿਆ। ਪਾਰਦਰਸ਼ਕ ਮੱਛੀ ਰੁਕੀ ਅਤੇ ਬੋਲੀ– ਸੋਨਾ, ਮੈਨੂੰ ਕਿਉਂ ਰੋਕਿਆ?

ਸੋਨਾ ਨੇ ਮੋਤੀ ਵਿਖਾਉਂਦੇ ਹੋਏ ਪੁੱਛਿਆ– 'ਕੀ ਇਹ ਮੋਤੀ ਤੇਰਾ ਹੈ?'

'ਨਹੀਂ! ਮੈਂ ਅਜਿਹਾ ਕੀਮਤੀ ਮੋਤੀ ਭਲਾ ਕਿਥੋਂ ਲਿਆਉਂਦੀ? ਇਹ ਮੋਤੀ ਮੇਰਾ ਨਹੀਂ ਹੈ।' ਕਹਿ ਕੇ ਉਹ ਅਗੇ ਵਧ ਗਈ।

ਸੋਨਾ ਮੱਛੀ ਪਾਰਦਰਸ਼ਕ ਮੱਛੀ ਨੂੰ ਵੇਖਦੇ ਹੀ ਰਹਿ ਗਈ।

ਇਸ ਦੇ ਬਾਅਦ ਉਹ ਮੋਤੀ ਦੇ ਮਾਲਿਕ ਦਾ ਪਤਾ ਲਗਾਉਣ ਲਈ ਅਗੇ ਵਧੀ। ਉਸ ਨੇ ਕਈ ਸਮੁੰਦਰੀ ਜੀਵਾਂ ਨੂੰ ਰੋਕਿਆ ਤਾਂ ਕੋਈ ਨਹੀਂ ਰੁਕਿਆ। ਸਾਰੇ ਉਸ ਦੀ ਗੱਲ ਨੂੰ ਅਣਸੁਣੀ ਕਰਕੇ ਅਗੇ ਵਧਦੇ ਰਹੇ। ਪਰ ਸੋਨਾ ਨੇ ਹਿੰਮਤ ਨਹੀਂ ਹਾਰੀ। ਉਹ ਅਗੇ ਵਧਦੀ ਰਹੀ। ਸੋਨਾ ਕੁਝ ਨਿਰਾਸ਼ ਹੋਈ ਕਿ ਉਹਨੂੰ ਸਾਹਮਣੇ ਸੀਪ ਦਿਖਾਈ ਦਿੱਤੀ। ਉਸ ਨੇ ਸੀਪ ਨੂੰ ਰੋਕਿਆ। ਉਹਨੂੰ ਮੋਤੀ ਵਿਖਾਇਆ। ਸੀਪ ਨੇ ਉਲਟ-ਪੁਲਟ ਕੇ ਵੇਖਿਆ ਅਤੇ ਹੌਲੀ ਜਿਹੇ ਕਿਹਾ– 'ਮੋਤੀ ਮੇਰਾ ਹੈ।'

ਤਾਂ ਆਪ ਆਪਣਾ ਮੋਤੀ ਲੈ ਲਉ। ਮੈਨੂੰ ਮੋਤੀ ਦਾ ਮਾਲਿਕ ਮਿਲ ਗਿਆ।' ਸੋਨਾ ਨੇ ਖੁਸ਼ ਹੋ ਕੇ ਕਿਹਾ।

'ਇਹ ਮੋਤੀ ਨਹੀਂ ਲੈਣਾ। ਇਹ ਮੋਤੀ ਤੂੰ ਆਪਣੇ ਕੋਲ ਰੱਖ। ਮੈਂ ਅਜਿਹਾ ਮੋਤੀ ਹੋਰ ਬਣਾ ਲਵਾਂਗੀ।'

'ਆਪ ਮੋਤੀ ਬਣਾਉਂਦੀ ਹੋ?'

'ਹਾਂ।'

'ਕਿਵੇਂ?' ਸੋਨਾ ਨੇ ਹੈਰਾਨ ਹੋ ਕੇ ਪੁੱਛਿਆ। 'ਕੀ ਆਪ ਮੈਨੂੰ ਮੋਤੀ ਬਣਾਉਣਾ ਸਿਖਾ ਸਕਦੀ ਹੋ?'

'ਨਹੀਂ ਕੁਦਰਤ ਨੇ ਮੈਨੂੰ ਹੀ ਇਹ ਸ਼ਕਤੀ ਪ੍ਰਦਾਨ ਕੀਤੀ ਹੈ। ਮੇਰੇ ਸਰੀਰ ਵਿੱਚ ਦੋ ਪ੍ਰਕਾਰ ਦੇ ਸੀਪ ਦੇ ਛਿਲਕੇ ਹੁੰਦੇ ਹਨ। ਉਹਨਾਂ ਵਿੱਚ ਜਦ ਬਾਹਰ ਤੋਂ ਕੋਈ ਬਾਹਰੀ ਕਣ ਪ੍ਰਵੇਸ਼ ਕਰਦਾ ਹੈ ਤਾਂ ਉਹ ਮੈਨੂੰ ਚੁੰਮਦਾ ਹੈ ਅਤੇ ਮੈਂ ਉਸ ਤੇ ਇਸ ਪ੍ਰਕਾਰ ਮੋਤੀ ਦੇ ਦ੍ਰਵ ਦਾ ਡਿਸਚਾਰਜ ਕਰਦੀ ਹਾਂ ਕਿ ਹੌਲੀ-ਹੌਲੀ ਮੋਤੀ ਬਣ ਜਾਂਦਾ ਹੈ।' ਸੀਪ ਨੇ ਐਨਾ ਕਿਹਾ ਅਤੇ ਅਗੇ ਵਧ ਗਈ।

ਸੋਨਾ ਨੇ ਮੋਤੀ ਨੂੰ ਧਾਗੇ ਵਿੱਚ ਪਿਰੋ ਕੇ ਪਹਿਨ ਲਿਆ ਅਤੇ ਮੌਜ ਨਾਲ ਘੁੰਮਣ ਲਗੀ।

ਦਾਦਾ ਜੀ

ਚਿੱਤਰਕਾਰ ਅਤੇ ਲੇਖਕ : ਅਜੈ ਕਾਲੜਾ

ਇਕ ਦਿਨ ਘਣਸ਼ਾਮ ਦੇ ਘਰੋਂ ਉਸ ਦੀ ਇਕ ਪੋਟਲੀ ਕਿਤੇ ਗਵਾਚ ਗਈ। ਉਸ ਪੋਟਲੀ ਵਿੱਚ ਪੂਰੇ ਪੰਝੀ ਸੋਨੇ ਦੇ ਸਿੱਕੇ ਸਨ।
ਘਣਸ਼ਾਮ ਨੇ ਉਸ ਪੋਟਲੀ ਨੂੰ ਪੂਰੇ ਘਰ ਵਿੱਚ ਲੱਭਿਆ ਪਰ ਕਿਸੇ ਨੂੰ ਵੀ ਉਸ ਦੇ ਬਾਰੇ ਵਿੱਚ ਕੁਝ ਵੀ ਪਤਾ ਨਹੀਂ ਸੀ।
ਕੁਝ ਦਿਨਾਂ ਬਾਦ ਘਣਸ਼ਾਮ ਦੇ ਘਰ ਕੰਮ ਕਰਨ ਵਾਲਾ ਨੌਕਰ ਸੁਰੇਸ਼ ਆਪਣੀ ਪੁੱਤਰੀ ਰੇਖਾ ਨੂੰ ਲੈ ਕੇ ਆਇਆ। ਸੁਰੇਸ਼ ਆਪਣੇ ਕੰਮ ਵਿੱਚ ਰੁੱਝ ਗਿਆ ਅਤੇ ਰੇਖਾ ਬਗੀਚੇ ਵਿੱਚ ਖੇਡਣ ਲੱਗੀ। ਖੇਡਦੇ-ਖੇਡਦੇ ਉਹਨੂੰ ਝਾੜੀਆਂ ਵਿੱਚ ਇਕ ਪੋਟਲੀ ਪਈ ਦਿਖਾਈ ਦਿਤੀ।

ਸੁਰੇਸ਼ ਅਤੇ ਰੇਖਾ ਉਹ ਪੋਟਲੀ ਲੈ ਕੇ ਘਣਸ਼ਾਮ ਦੇ ਕੋਲ ਗਏ।
ਘਣਸ਼ਾਮ ਨੇ ਪੋਟਲੀ ਨੂੰ ਖੋਲ੍ਹ ਕੇ ਵੇਖਿਆ ਅਤੇ ਬੋਲਿਆ– ਇਸ ਵਿੱਚ ਤਾਂ ਕੇਵਲ 25 ਸਿੱਕੇ ਹਨ। ਬਾਕੀ ਪੰਜ ਸਿੱਕੇ ਕਿਥੇ ਹਨ? ਸੁਰੇਸ਼ ਨੇ ਕਿਹਾ – ਸਾਹਿਬ, ਇਸ ਵਿੱਚ ਤਾਂ ਸਿਰਫ 25 ਸਿੱਕੇ ਸਨ।
ਘਣਸ਼ਾਮ ਨੇ ਕਿਹਾ – ਤੂੰ ਬੇਈਮਾਨੀ ਕਰ ਰਿਹਾ ਹੈ। ਮੈਂ ਤੈਨੂੰ ਪੰਚਾਇਤ ਵਿੱਚ ਲੈ ਜਾਵਾਂਗਾ।

ਘਣਸ਼ਾਮ ਨੇ ਕਿਹਾ- ਮੁਖੀਆ ਜੀ, ਇਸ ਨੇ ਮੇਰੀ ਸੋਨੇ ਦੇ ਸਿੱਕਿਆਂ ਨਾਲ ਭਰੀ ਪੋਟਲੀ ਚੁਰਾਈ ਹੈ ਜਿਸ ਵਿੱਚ 30 ਸਿੱਕੇ ਸਨ।
ਸੁਰੇਸ਼ ਨੇ ਕਿਹਾ- ਨਹੀਂ, ਮੁਖੀਆ ਜੀ ਇਸ ਵਿੱਚ ਸਿਰਫ 25 ਸਿੱਕੇ ਹੀ ਸਨ।

ਘਣਸ਼ਾਮ ਨੇ ਕਿਹਾ- ਮੁਖੀਆ ਜੀ, ਇਸ ਨੇ ਪਹਿਲਾਂ ਮੇਰੇ ਸੋਨੇ ਦੇ ਸਿੱਕਿਆਂ ਦੀ ਪੋਟਲੀ ਚੁਰਾਈ, ਫਿਰ ਵਾਪਿਸ ਕਰਦੇ ਸਮੇਂ ਉਸ ਵਿਚੋਂ ਪੰਜ ਸਿੱਕੇ ਚੁਰਾ ਲਏ।
ਮੁਖੀਏ ਨੇ ਪੁੱਛਿਆ- ਘਣਸ਼ਾਮ, ਪੱਕਾ ਪੋਟਲੀ ਵਿੱਚ 30 ਹੀ ਸਿੱਕੇ ਸਨ।

ਘਣਸ਼ਾਮ ਨੇ ਕਿਹਾ- ਹਾਂ, ਮੁਖੀਆ ਜੀ।
ਮੁਖੀਆ ਨੇ ਕਿਹਾ- ਤਾਂ ਫਿਰ ਇਹ ਪੋਟਲੀ ਤੇਰੀ ਨਹੀਂ ਹੈ। ਇਹ ਪੋਟਲੀ ਕਿਸੇ ਹੋਰ ਦੀ ਹੀ ਹੈ ਕਿਉਂਕਿ ਤੇਰੀ ਪੋਟਲੀ ਵਿੱਚ ਤਾਂ 30 ਸੋਨੇ ਦੇ ਸਿੱਕੇ ਸਨ ਅਤੇ ਇਸ ਵਿੱਚ 25 ਹੀ ਹਨ ਤਾਂ ਇਹ ਪੋਟਲੀ ਸੁਰੇਸ਼ ਨੂੰ ਉਸ ਦੀ ਇਮਾਨਦਾਰੀ ਦੇ ਰੂਪ ਵਿੱਚ ਦਿੱਤੀ ਜਾਂਦੀ ਹੈ ਅਤੇ ਘਣਸ਼ਾਮ ਤੇਰੀ ਪੋਟਲੀ ਦੀ ਭਾਲ ਕੀਤੀ ਜਾਏਗੀ।
ਸਿਖਿਆ : ਝੂਠ ਬੋਲਣਾ ਅਤੇ ਲਾਲਚ ਕਰਨਾ ਦੋਵੇਂ ਹੀ ਗਲਤ ਹਨ। ਇਸਦਾ ਫਲ ਜ਼ਰੂਰ ਹੀ ਮਿਲਦਾ ਹੈ।

ਰੰਗ ਭਰੋ

ਨਾਂ .....ਉਮਰ.....

ਪੂਰਾ ਪਤਾ.....

.....

.....

Video & Audio Webcasts on www.nirankari.org - Every month

SANT NIRANKARI MISSION

Registered with the
Registrar of Newspaper
For India Under RNI No. 32345/77

Delhi Postal Regd. No. G-3/DL (N)/137/2021-23
Licence No. U (DN)-60/2018-20
Licenced to post without Pre-payment

ਪਾਠਕਾਂ ਨੂੰ ਬੇਨਤੀ

ਹਿੰਦੀ, ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੀਆਂ ਨਿਰੰਕਾਰੀ ਪੱਤਰ-ਪਤ੍ਰਿਕਾਵਾਂ : ਸੰਤ ਨਿਰੰਕਾਰੀ, ਏਕ ਨਜ਼ਰ ਅਤੇ ਹੰਸਤੀ ਦੁਨੀਆ ਦੇ ਪਾਠਕਾਂ ਨੂੰ ਬੇਨਤੀ ਹੈ ਕਿ ਪੱਤਰ-ਪਤ੍ਰਿਕਾਵਾਂ ਦੇ ਰਿਕਾਰਡ ਨੂੰ ਅਪਡੇਟ ਕੀਤਾ ਜਾ ਰਿਹਾ ਹੈ। ਇਸਲਈ ਆਪ ਅਪਣਾ ਮੋਬਾਇਲ ਨੰ. ਅਤੇ ਈ-ਮੇਲ ਪਤ੍ਰਿਕਾ ਵਿਭਾਗ ਨੂੰ ਈ-ਮੇਲ:

sulekh.sathi@nirankari.org

ਅਤੇ patrika@nirankari.org

ਅਤੇ WhatsApp Mobile No. 9266629841 *ਤੇ ਜਲਦੀ ਤੋਂ ਜਲਦੀ ਭੇਜੋ ਤਾਂਕਿ ਆਪਦਾ ਰਿਕਾਰਡ update ਕੀਤਾ ਜਾ ਸਕੇ।*

ਲੇਖਕਾਂ ਦੇ ਲਈ

- 'ਸੰਤ ਨਿਰੰਕਾਰੀ' ਗਿਆਰ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੀ ਅਧਿਆਤਮਿਕ ਮਾਸਿਕ ਪਤ੍ਰਿਕਾ ਹੈ ਜਿਸ ਵਿਚ ਅਨੁਭਵੀ ਲੇਖਕਾਂ ਦੀਆਂ ਰਚਨਾਵਾਂ ਪ੍ਰਕਾਸ਼ਿਤ ਕੀਤੀਆਂ ਜਾਂਦੀਆਂ ਹਨ। ਅਧਿਆਤਮ, ਸਾਹਿਤ ਅਤੇ ਸਮਾਜ ਦੇ ਰਚਨਾਤਮਕ ਤਾਲਮੇਲ ਦਾ ਜਤਨ ਵੀ ਇਸ ਪਤ੍ਰਿਕਾ ਰਾਹੀਂ ਕੀਤਾ ਜਾਂਦਾ ਹੈ।
- ਤਿੰਨ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਪੰਦਰਵਾੜਾ ਸਮਾਚਾਰ-ਪੱਤਰ 'ਏਕ ਨਜ਼ਰ' ਦੀ ਵਿਸ਼ੇ-ਵਸਤੂ ਮੁੱਖਰੂਪ ਵਿਚ ਦਾਰਸ਼ਨਿਕ ਲੇਖ, ਗਹਿਰੇ ਪਾਨੀ ਪੈਠ, ਬਾਲ ਜਗਤ, ਗਿਆਨ-ਵਿਗਿਆਨ, ਪ੍ਰੇਰਕ ਪ੍ਰਸੰਗ, ਪ੍ਰੇਰਕ ਵਿਭੂਤੀ ਆਦਿ ਹੈ। ਇਸਦੀ ਰੂਪ-ਰੇਖਾ ਵਿਚ ਸੁਧਾਰ ਅਤੇ ਇਸਨੂੰ ਹੋਰ ਆਕਰਸ਼ਕ ਬਣਾਉਣ ਦੇ ਨਿਰੰਤਰ ਜਤਨ ਕੀਤੇ ਜਾ ਰਹੇ ਹਨ।
- ਚਾਰ ਭਾਸ਼ਾਵਾਂ ਵਿਚ ਛੱਪਣ ਵਾਲੀ ਬੱਚਿਆਂ ਦੇ ਬੌਧਿਕ ਵਿਕਾਸ ਦੀ ਅਨੋਖੀ ਬਾਲ ਮਾਸਿਕ 'ਹੰਸਤੀ ਦੁਨੀਆ' ਵਿਚ ਰੋਚਕ ਕਹਾਣੀਆਂ, ਗਿਆਨਵਰਧਕ ਵਿਗਿਆਨ ਲੇਖ, ਕਵਿਤਾਵਾਂ ਆਦਿ ਸ਼ਾਮਿਲ ਹੁੰਦੇ ਹਨ।
- ਉਪਰੋਕਤ ਪੱਤਰ-ਪਤ੍ਰਿਕਾਵਾਂ ਵਿਚ ਪ੍ਰਕਾਸ਼ਨ ਸੱਮਗਰੀ ਜਿਵੇਂ ਲੇਖ, ਗੀਤ, ਕਹਾਣੀ ਕਵਿਤਾਵਾਂ ਆਦਿ ਈ-ਮੇਲ: *sulekh.sathi@nirankari. org* ਅਤੇ *editorial@nirankari.org* ਤੇ ਹੀ ਭੇਜੋ ਤਾਂਕਿ ਆਪ ਦੀਆਂ ਰਚਨਾਵਾਂ ਨੂੰ ਸਮੇਂ ਅਨੁਸਾਰ ਪ੍ਰਕਾਸ਼ਿਤ ਕੀਤਾ ਜਾ ਸਕੇ।

❑ ਸੁਲੇਖ 'ਸਾਥੀ',
ਪ੍ਰਬੰਧ ਸੰਪਾਦਕ, ਪਤ੍ਰਿਕਾ ਵਿਭਾਗ

Posted at NDPSO Prescribed dates 23rd & 24th. Date of Publication: 17th & 18th (Advance Month)